# ਕਿਰਨਾਂ ਦਾ ਕਾਫ਼ਲਾ

(ਕਾਵਿ-ਸੰਗ੍ਰਹਿ)

# ਕਿਰਨਾਂ ਦਾ ਕਾਫ਼ਲਾ

(ਕਾਵਿ-ਸੰਗ੍ਰਹਿ)

ਅਮਨ ਚਾਹਲ

ਸਹਿਜ ਪਬਲੀਕੇਸ਼ਨਜ਼, ਸਮਾਣਾ

# ਕਿਰਨਾਂ ਦਾ ਕਾਫ਼ਲਾ
ਕਾਵਿ–ਸੰਗ੍ਰਹਿ

ਲੇਖਕ : ਅਮਨ ਚਾਹਲ

ਪਤਾ : ਬੀ–21/1949, ਪਾਰਕ ਐਵੇਨਿਊ,
ਝਬਾਲ ਰੋਡ, ਨੇੜੇ ਸ਼ੈੱਲਰ ਹਰੀ ਰਾਮ,
ਤਰਨ–ਤਾਰਨ।

ਸਭ ਹੱਕ ਲੇਖਕ ਦੇ ਰਾਖਵੇਂ ਹਨ।

ISBN : 978-81-983036-5-3
ਕੀਮਤ : 180/–

ਪ੍ਰਕਾਸ਼ਕ :
**ਸਹਿਜ ਪਬਲੀਕੇਸ਼ਨਜ਼, ਸਮਾਣਾ।**

## ਸਮਰਪਿਤ

ਮਾਤਾ ਸ੍ਰੀ ਮਤੀ ਬਲਜੀਤ ਕੌਰ ਅਤੇ
ਪਿਤਾ ਸ੍ਰ. ਜਸਵਿੰਦਰ ਸਿੰਘ ਮਾਨੋਚਾਹਲ ਕਹਾਣੀਕਾਰ ਨੂੰ।

# ਤਤਕਰਾ


| | |
|---|---|
| 01. ਕਿਸਾਨ | 09 |
| 02. ਸਮਾਂ ਉਸਤਾਦ | 10 |
| 03. ਤੁਹਾਨੂੰ ਕੋਈ ਫਰਕ ਨਹੀਂ ਪੈਂਦਾ | 11 |
| 04. ਹੋਵੇ ਈਦ ਮੇਰੀ | 12 |
| 05. ਸੱਜਣਾਂ ਦੇ ਏਸੇ ਸ਼ਹਿਰ 'ਚ ਡੇਰੇ ਹੋਣੇ ਨੇ | 13 |
| 06. ਵੇਖੇ ਲੋਕੀਂ ਮੈਂ | 14 |
| 07. ਉਹ ਬੰਦੇ | 15 |
| 08. ਇਸ਼ਕ ਤੇਰਾ | 16 |
| 09. ਦਿਲ ਦੇ ਖੋਟੇ | 17 |
| 10. ਦੂਜੀ ਹੀਰ | 18 |
| 11. ਜਾਬਰ ਦੇ ਜ਼ੁਲਮ | 19 |
| 12. ਮੁਹੱਬਤਾਂ ਦੀ ਪਿਚਕਾਰੀ | 20 |
| 13. ਜਵਾਨੀ ਭਟਕ ਰਹੀ ਹੈ | 21 |
| 14. ਮਹਿਕਦੀ ਫੁਲਵਾੜੀ | 22 |
| 15. ਇਸ਼ਕ ਤੇਰੇ 'ਚੋਂ | 23 |
| 16. ਥੱਬਾ ਲਫ਼ਜ਼ਾਂ ਦਾ | 24 |
| 17. ਮਾਂ ਹੈ ਜਿਊਂਦੀ | 25 |
| 18. ਪੀੜ੍ਹ ਨਾ ਛੱਡੇ | 26 |
| 19. ਬਾਪੂ | 27 |
| 20. ਆਪਣੇ ਹਿੱਸੇ ਦਾ ਚਾਨਣ | 28 |
| 21. ਬਾਪੂ ਤੇਰੀਆਂ ਧੰਨ ਕਮਾਈਆਂ | 29 |
| 22. ਉਹ ਆਈ ਏ | 30 |
| 23. ਖੁਭਦੇ ਖੰਜ਼ਰ ਵੇਖੇ ਨੇ | 31 |
| 24. ਜੇ ਸੱਚ ਮੂੰਹੋਂ ਬੋਲਾਂ | 33 |
| 25. ਕਮਲਿਓ ਲੋਕੋ! | 34 |

| | |
|---|---|
| 26. ਸੁੱਤੇ ਹਰਫ਼ | 35 |
| 27. ਤੇਰੇ ਵਰਗਾ ਭਾਲ ਨਹੀਂ ਹੁੰਦਾ | 36 |
| 28. ਅਜੇ ਧੀਮੀ ਰਫ਼ਤਾਰ ਹੈ | 37 |
| 29. ਚਿਹਰੇ ਉੱਤੇ ਚਿਹਰਾ | 38 |
| 30. ਦੁਆ ਮੇਰੀ | 40 |
| 31. ਵਿਹੜੇ ਕਿਰਤੀ ਦੇ | 41 |
| 32. ਪੀੜ੍ਹਾਂ ਦੀ ਫ਼ਸਲ | 42 |
| 33. ਆਉਣਾ ਚਾਹੁੰਦਾ ਹਾਂ | 43 |
| 34. ਬੇਦਿਲਾਂ ਦਾ ਸ਼ਹਿਰ | 44 |
| 35. ਦਿਲ ਤੇ ਸ਼ੀਸ਼ਾ | 45 |
| 36. ਚਾਰ ਕੁ ਸਾਹ | 46 |
| 37. ਸੰਦਲੀ ਮਹਿਕਾਂ | 47 |
| 38. ਸੱਜਣਾਂ ਦਾ ਸਿਰਨਾਵਾਂ | 48 |
| 39. ਚੱਲ ਨੀ ਜਿੰਦੇ | 49 |
| 40. ਅਹਿਸਾਸ-ਏ-ਇਸ਼ਕ | 50 |
| 41. ਵਕਤ, ਪਿਆਰ ਤੇ ਵਫ਼ਾ | 52 |
| 42. ਬਾਬਾ ਨਾਨਕ | 53 |
| 43. ਪ੍ਰੇਸ਼ਾਨੀਆਂ | 55 |
| 44. ਨਾ ਜਾਇਓ ਹਾਣੀਓ | 56 |
| 45. ਜ਼ਿੰਦਗੀ ਦਾ ਕਾਫ਼ਲਾ | 57 |
| 46. ਆਓ ਹਰਫ਼ੋ | 58 |
| 47. ਮੇਰੇ ਮੁਲਕ ਜਹੀ ਮਿਸਾਲ | 59 |
| 48. ਖੰਭ ਲਗਾ ਕੇ ਤਿਤਲੀ ਵਰਗੇ | 60 |
| 49. ਕੁੱਲੀਆਂ ਢਾਰੇ ਨਾ ਭੁੱਲੀਂ | 61 |
| 50. ਇਨਕਲਾਬ ਵੇਖਣਾ ਏ | 62 |
| 51. ਖ਼ੁਦਾ ਬਣਿਆ | 63 |
| 52. ਆਂਦਰਾਂ ਦੇ ਕਿੱਸੇ | 64 |
| 53. ਤੇਰੇ ਵਾਂਗ ਮੁਹੱਬਤ | 65 |
| 54. ਜ਼ੁਲਫ਼ਾਂ ਦੇ ਛੱਲੇ | 66 |
| 55. ਮੈਂ ਤਾਂ ਗਈ ਸਾਂ ਵੇ | 67 |

56. ਤੂੰ ਤੇ ਮੈਂ 69
57. ਸਾਡਾ ਰਿਸ਼ਤਾ 70
58. ਪਿਆਰ ਦੀ ਭਾਲ ਵਿੱਚ 71
59. ਚੰਨ ਦੀਆਂ ਰਿਸ਼ਮਾਂ 72
60. ਹੱਕਾਂ ਦੇ ਲਈ ਲੜਨਾ ਪੈਂਦਾ 73
61. ਤੇਰਾ ਪਤਾ ਨਈਂ 74
62. ਅੱਗੇ ਵੀ ਕੁਝ ਤੱਕਿਆ ਏ 75
63. ਜ਼ਮੀਰਾਂ ਦੇ ਬੋਲ 76
64. ਹੱਲ ਤੇ ਦੱਸ 77
65. ਮੇਰੇ ਮਗਰੋਂ 78
66. ਵੰਡੀਆਂ 79
67. ਆਸ ਦਾ ਪੱਲਾ 80
68. ਤੇਰੀਆਂ ਉਡੀਕਾਂ 81
69. ਜ਼ੁਲਫ਼ਾਂ 83
70. ਚਾਹ ਤੇ ਮਿਲੀਏਂ 84
71. ਮੇਰਾ ਹਰ ਦਰਦ 85
72. ਪੰਜਾਬ ਤੇ ਨਹੀਂ ਨਾ 86
73. ਬਿਰਖ ਰੀਝਾਂ ਨਾਲ ਪਾਲੇ 87
74. ਦਿਲ ਮੇਰਾ 88
75. ਫਿਕਰ ਦੇਸ਼ ਦਾ 89
76. ਤੇਰੇ ਲਈ 91
77. ਇਸ਼ਕ ਦੀਆਂ ਮੁਰਗਾਬੀਆਂ 93
78. ਬੇਬੇ ਦੀਆਂ ਦੁਆਵਾਂ 94
79. ਸੁਣਾ ਵੇ ਸ਼ਾਇਰਾ 96
80. ਕਵੀਆਂ ਦੇ ਨਾਂ 98
81. ਅੱਖਾਂ ਨੇ ਕਈ ਭੇਤ ਲੁਕਾ ਲਏ 99
82. ਲੋਕ ਕਹਿਣ ਤੁਸੀਂ ਇਸ਼ਕ 'ਚ ਹਾਰੀ ਜਾਨੇ ਓ 100
83. ਕਵਿਤਾਵਾਂ ਦੇ ਕਾਫ਼ਲੇ 101
84 ਬੱਚਿਆਂ ਨੂੰ ਦੱਸਿਓ 102
85. ਅਣਮੁੱਲਾ ਤਾਜ 103

# ਕਿਸਾਨ


ਦਾਤੀਆਂ ਵਾਲੇ ਪੱਲੀਆਂ ਵਾਲੇ
ਕਹੀਆਂ ਵਾਲੇ ਫ਼ਸਲਾਂ ਵਾਲੇ

ਊੜੇ ਐੜੇ ਵਿੱਚੋਂ ਨਿਕਲੇ
ਦੇਸੀ ਜੇਹੀਆਂ ਸ਼ਕਲਾਂ ਵਾਲੇ

ਪੈਂਦਾ ਵੇਖ ਹੱਕਾਂ 'ਤੇ ਡਾਕਾ
ਚੁੱਪ ਨਹੀਂ ਰਹਿੰਦੇ ਅਕਲਾਂ ਵਾਲੇ

ਹੁਣ ਨਾ ਲੜੇ ਤਾਂ ਕੀ ਆਖਣਗੇ
ਸਾਡੇ ਨਵੀਆਂ ਨਸਲਾਂ ਵਾਲੇ

ਅਸੀਂ ਤੇ ਸਬਰਾਂ ਸ਼ੁਕਰਾਂ ਵਾਲੇ
ਤੇ ਉਹ ਕਹਿੰਦੇ ਨੇ ਰਫਲਾਂ ਵਾਲੇ




# ਸਮਾਂ ਉਸਤਾਦ

ਕਹਿੰਦੇ ਜਿਹਦੇ ਪੱਲੇ ਧੇਲੇ ਓਹਦੇ ਮੇਲੇ ਨੇ
ਮਾੜੇ ਬੰਦੇ ਦੀ ਜ਼ਿੰਦਗੀ ਵਿਚ ਝਮੇਲੇ ਨੇ

ਪਲ ਪਲ ਦੀਆਂ ਇਹ ਸੂਹਾਂ ਲੈਂਦੇ ਰਹਿੰਦੇ ਨੇ
ਆਸ਼ਕ ਤੇ ਚੋਰ ਕਦੇ ਨਾ ਹੁੰਦੇ ਵੇਹਲੇ ਨੇ

ਪਰਖ ਕਰਾਉਂਦਾ ਆਪਣੇ ਨਾਲੇ ਪਰਾਏ ਦੀ
ਸਮਾਂ ਉਸਤਾਦ ਤੇ ਬਾਕੀ ਸਾਰੇ ਚੇਲੇ ਨੇ

ਖਾ ਕੇ ਬਦਾਮ ਕਦੋਂ ਇਹ ਅਕਲਾਂ ਆਈਆਂ ਨੇ
ਕੀ ਦੱਸਾਂ ਕੀ ਇਹਨਾਂ ਲਈ ਪਾਪੜ ਵੇਲੇ ਨੇ



# ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਮੈਂ ਕਿੰਨੀਆਂ ਤੰਗੀਆਂ ਹੰਢਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ
ਤੁਹਾਡੇ ਲਈ ਪਾਟੀਆਂ ਬਿਆਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਸੀ ਕੇ ਪਾ ਲਿਆ ਪਾਟਾ ਝੱਗਾ
ਟੌਹਰ ਕਦੇ ਮੈਂ ਕੱਢਿਆ ਨਹੀਂ
ਪਰ ਤਾਹਨੂੰ ਐਸ਼ਾਂ ਨਿੱਤ ਕਰਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਮਿੱਟੀ ਦੇ ਨਾਲ ਮਿੱਟੀ ਹੋ ਕੇ
ਕੱਚੇ ਕੋਠੇ ਪੱਕੇ ਕਰਤੇ
ਆਪਣੀਆਂ ਪੀੜ੍ਹਾਂ ਸਦਾ ਲੁਕਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਹੌਲੀ ਹੌਲੀ ਮੰਜਾ ਮੇਰਾ
ਆ ਗਿਆ ਬਾਹਰ ਡਿਓੜੀ 'ਚ
ਅਕਲਾਂ ਕਿਹੜੇ ਖੂੰਜੇ ਲਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਜੈਸੀ ਮਿਲਦੀ ਖਾ ਲੈਨਾਂ ਵਾਂ
ਘੜੇ 'ਚੋਂ ਪਾਣੀ ਪੀ ਲੈਨਾਂ ਵਾਂ
ਰਹਿ ਗਿਆ ਹੁਣ ਬੱਸ ਸਾਲ ਛਿਮਾਹੀਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

ਖ਼ਬਰੇ ਫ਼ਰਕ ਪਵੇ ਮੇਰੇ ਪਿੱਛੋਂ
ਰੜਕੀ ਮੇਰੀ ਘਾਟ ਜਦੋਂ
ਸੁਣਨੀਆਂ ਓਦੋਂ ਕਿਹਨੇ ਸਫ਼ਾਈਆਂ
ਤੁਹਾਨੂੰ ਕੋਈ ਫਰਕ ਨਹੀਂ ਪੈਂਦਾ

## ਹੋਵੇ ਈਦ ਮੇਰੀ

ਮਿਲੇ ਸਕੂਨ ਮੈਨੂੰ ਜੇ ਓਹਦੀ ਖ਼ਬਰ ਆਵੇ
ਹੋਵੇ ਈਦ ਮੇਰੀ ਜੇ ਉਹ ਕਿਤੇ ਨਜ਼ਰ ਆਵੇ


ਕਿੱਥੋਂ ਲਿਆਵਾਂ ਏਦਾਂ ਦੇ ਨੈਣ ਨਕਸ਼ ਮੈਂ
ਕਿ ਉਹ ਸ਼ਾਮ ਸਵੇਰੇ ਮਗਰ ਮਗਰ ਆਵੇ

ਮੈਂ ਫੁੱਲਾਂ ਨਾਲ ਸ਼ਿੰਗਾਰ ਕੇ ਰੱਖਾਂ ਰਾਹਵਾਂ ਨੂੰ
ਮਨ ਮੇਹਰ ਪਵੇ ਓਹਦੇ ਤੇ ਸਾਡੇ ਨਗਰ ਆਵੇ

ਕਿ ਓਹਦੀਆਂ ਬਾਹਾਂ 'ਚ ਆਖਰੀ ਸਾਹ ਮੁੱਕਣ
ਮੇਰੀ ਜ਼ਿੰਦਗੀ ਦਾ ਰੱਬਾ ਐਸਾ ਹਸ਼ਰ ਆਵੇ

ਸਾਹ ਚਾਰ ਹੀ ਹੋਣ ਪਰ ਹੋਣ ਨਾਲ ਓਹਦੇ
ਦਿਓ ਅਸੀਸ ਕੋਈ ਕਿ ਓਹਨੂੰ ਕਦਰ ਆਵੇ

ਕੈਸਾ ਰੋਗ ਲਾ ਲਿਆ ਇਹਨਾਂ ਅੱਖੀਆਂ ਨੇ
ਸੱਚੀਂ ਓਹਨੂੰ ਵੇਖੇ ਬਿਨਾਂ ਨਾ ਸਬਰ ਆਵੇ



## ਸੱਜਣਾਂ ਦੇ ਏਸੇ ਸ਼ਹਿਰ 'ਚ ਡੇਰੇ ਹੋਣੇ ਨੇ


ਮਹਿਸੂਸ ਕਰਾਂ ਕਿਤੇ ਨੇੜੇ ਤੇੜੇ ਹੋਣੇ ਨੇ
ਸੱਜਣਾਂ ਦੇ ਏਸੇ ਸ਼ਹਿਰ 'ਚ ਡੇਰੇ ਹੋਣੇ ਨੇ

ਭੁੱਖੜ ਹਨੇਰੇ ਖਾ ਗਏ ਮੇਰੇ ਚਾਨਣ ਨੂੰ
ਓਹਦੇ ਰੌਸ਼ਨ ਚਾਰ ਚੁਫੇਰੇ ਹੋਣੇ ਨੇ

ਪੌਣੇ ਭੈਣੇ ਤੂੰਹੀਓਂ ਲੱਭ ਸਿਰਨਾਵਾਂ ਨੀ
ਸਭ ਤੋਂ ਵੱਧ ਏਥੇ ਵਾਕਿਫ਼ ਤੇਰੇ ਹੋਣੇ ਨੇ

ਓਥੇ ਓਹਨੂੰ ਲੱਭਣਾ ਬਾਲਾ ਔਖਾ ਏ
ਜਿੱਥੇ ਪਰੀਆਂ ਵਰਗੇ ਚਿਹਰੇ ਹੋਣੇ ਨੇ

ਹਾਏ! ਇਹ ਜੋ ਭੁੰਜਿਓ ਮੋਤੀ ਲੱਭੇ ਨੇ
ਇੰਝ ਲਗਦੈ ਓਹਨੇ ਅੱਥਰੂ ਕੇਰੇ ਹੋਣੇ ਨੇ



# ਵੇਖੇ ਲੋਕੀਂ ਮੈਂ

ਝੂਠੇ ਹਾਸੇ ਹਸਦੇ ਵੇਖੇ ਲੋਕੀਂ ਮੈਂ
ਖੁਦ ਨੂੰ ਦੁੱਖੜੇ ਦਸਦੇ ਵੇਖੇ ਲੋਕੀਂ ਮੈਂ

ਅੰਦਰੋ ਅੰਦਰੀ ਰੋਂਦੇ ਮਹਿਲਾਂ ਵਾਲੇ ਨੇ
ਕੁੱਲੀਆਂ ਵਾਲੇ ਹਸਦੇ ਵੇਖੇ ਲੋਕੀਂ ਮੈਂ

ਔਖੇ ਵੇਲੇ ਕੌਣ ਕਿਸੇ ਦਾ ਬਣਦਾ ਏ
ਆਪਣਿਆਂ ਕੋਲੋਂ ਨਸਦੇ ਵੇਖੇ ਲੋਕੀਂ ਮੈਂ

ਭਰ ਜਾਵੇ ਜੇ ਦਿਲ ਬਹਾਨਾ ਲੱਭਦੇ ਨੇ
ਐਵੇਂ ਈ ਤਾਹਨੇ ਕਸਦੇ ਵੇਖੇ ਲੋਕੀਂ ਮੈਂ

'ਚਾਹਲ' ਸੱਪਾਂ ਦਾ ਐਵੇਂ ਨਾਂ ਬਦਨਾਮ ਏਥੇ
ਇੱਕ ਦੂਜੇ ਨੂੰ ਡਸਦੇ ਵੇਖੇ ਲੋਕੀਂ ਮੈਂ

# ਉਹ ਬੰਦੇ

ਸੱਚ ਆਖਾਂ ਉਹ ਬੰਦੇ ਦਿਲ ਨੂੰ ਛੋਹੇ ਸੀ
ਔਖੇ ਵੇਲੇ ਜੋ ਮੇਰੇ ਨਾਲ ਖਲੋਏ ਸੀ

ਕਾਸ਼! ਸੋਚ ਵਿਚਾਰ ਕੇ ਫੈਸਲੇ ਕਰ ਲੈਂਦਾ
ਕਾਹਲੀ ਕੀਤੀ, ਕਾਹਲੀ ਅੱਗੇ ਟੋਏ ਸੀ

ਮੇਰੇ ਸਾਹ ਮੈਨੂੰ ਜਾਪੇ ਦੋ ਤੇ ਵੰਡੇ ਗਏ
ਇਹ ਜੰਗਲ ਬੇਲੇ ਜਦੋਂ ਦੇ ਵਿਰਲੇ ਹੋਏ ਸੀ

ਲੋਕੀਂ ਉਹਨੂੰ ਚੋਰ ਸਮਝ ਕੇ ਕੁੱਟਦੇ ਰਹੇ
ਜਿਹਨੇ ਬੱਚਿਆਂ ਖਾਤਰ ਟੁਕੜੇ ਦੋ ਲਕੋਏ ਸੀ

ਮੌਤ ਜਦੋਂ ਏ ਆਉਂਦੀ ਫਰਕ ਨਾ ਪੈਂਦਾ ਏ
ਇਹ ਨਾ ਸੋਚੀਂ ਕਿ ਦਰਵਾਜੇ ਖੁੱਲ੍ਹੇ ਹੋਏ ਸੀ

ਉਂਝ ਬਾਦਸ਼ਾਹਾਂ ਕੋਲ ਬਥੇਰੀ ਦੌਲਤ ਸੀ
ਪਰ ਖਾਲੀ ਹੱਥ ਸੀ ਜਦੋਂ ਵਿਚਾਰੇ ਮੋਏ ਸੀ

## ਇਸ਼ਕ ਤੇਰਾ


ਦਿਲ ਦੇ ਸ਼ਾਹੀ ਪਲੰਘ ਤੇ ਬਹਿ ਗਈ
ਸਜਦਾ ਮੈਂ ਵੀ ਕਰਾਂ ਖ਼ੁਦਾ ਵਰਗਾ

ਮੇਰੇ ਹਿੱਸੇ ਆਉਣਾ ਇਸ਼ਕ ਤੇਰਾ
ਲੱਗੇ ਕਿਸੇ ਫ਼ਕੀਰ ਦੀ ਦੁਆ ਵਰਗਾ

ਨੀ ਤੇਰਾ ਅੱਖਾਂ ਸਾਹਵੇਂ ਈ ਰਹਿਣਾ
ਕਿ ਮੈਨੂੰ ਆਉਂਦੇ ਜਾਂਦੇ ਸਾਹ ਵਰਗਾ

ਨੀ ਜਿਸ ਦਿਨ ਮੁਲਾਕਾਤ ਨਾ ਹੋਵੇ
ਓਹ ਮੈਨੂ ਲੱਗੇ ਕਿਸੇ ਸਜ਼ਾ ਵਰਗਾ

ਓਹ ਸਵਾਦ ਨਾ ਪੈੱਗ ਵਿੱਚ ਆਉਂਦਾ
ਨੀ ਤੇਰੇ ਨਾਲ ਜੋ ਪੀਤੀ ਚਾਹ ਵਰਗਾ



# ਦਿਲ ਦੇ ਖੋਟੇ


ਸੱਜਣ ਦਿਲ ਦੇ ਖੋਟੇ ਨਿਕਲੇ
ਅੱਖਾਂ ’ਚੋਂ ਅੱਥਰੂ ਮੋਟੇ ਨਿਕਲੇ

ਮੇਰੇ ਸੁਫਨਿਆਂ ਦੇ ਤਾਂ ਕਾਤਿਲ
ਓਹਦੀ ਵੰਗ ਦੇ ਟੋਟੇ ਨਿਕਲੇ

ਮੈਂ ਜੀਹਦੇ ਤੇ ਆਸ਼ਕ ਹੋਇਆ
ਓਸ ਚਿਹਰੇ ਉੱਤੇ ਮੁਖੌਟੇ ਨਿਕਲੇ

ਓਹਦੇ ਲਾਰੇ ਗਿਣਨ ਸੀ ਲੱਗਾ
ਉਂਗਲਾਂ ਦੇ ਥੋੜੇ ਪੋਟੇ ਨਿਕਲੇ

ਓਹਦੀਆਂ ਖਾਹਿਸ਼ਾਂ ਕਿੱਥੇ ਰੱਖਦਾ
ਮੈਂ ਤੇ ਮੇਰਾ ਕਮਰਾ ਛੋਟੇ ਨਿਕਲੇ




## ਦੂਜੀ ਹੀਰ

ਮੇਰੇ ਦਿਲ ਨਾਲ ਦਿਲ ਮਿਲਾਈ ਫਿਰਦੀ ਏ
ਸੁਰਮੇ ਵਾਂਗੂੰ ਅੱਖਾਂ 'ਚ ਪਾਈ ਫਿਰਦੀ ਏ

ਇੱਕ ਹੀਰ ਨੇ ਕੰਨ ਪੜਵਾਏ ਰਾਂਝੇ ਦੇ
ਦੂਜੀ ਹੱਥੋਂ ਮੇਰੀ ਵਾਰੀ ਆਈ ਫਿਰਦੀ ਏ

ਮੈਂ ਹਾਲੇ ਗੱਲ ਕਿਸੇ ਨਾਲ ਖੋਲ੍ਹੀ ਨਹੀਂ
ਉਹ ਸੁਣਿਆ ਸਾਰਾ ਟੱਬਰ ਮਨਾਈ ਫਿਰਦੀ ਏ

ਲੋਕੀਂ ਆਂਹਦੇ ਮੈਨੂੰ ਬੜਾ ਸਿਆਣਾ ਏ
ਮੈਂ ਆਹਨਾਂ ਉਹ ਕਰੀ ਸ਼ੁਦਾਈ ਫਿਰਦੀ ਏ



## ਜਾਬਰ ਦੇ ਜ਼ੁਲਮ


ਜਾਬਰ ਦੇ ਜ਼ੁਲਮ ਦੀ ਖੌਰੇ ਕਦੋਂ ਅਖ਼ੀਰ ਹੋਣੀ ਏਂ,
ਕਿ ਆਉਣ ਵਾਲੀ ਪੀੜ੍ਹੀ ਦੀ ਵੀ ਇਹੋ ਤਸਵੀਰ ਹੋਣੀ ਏਂ।

ਅਸੀਂ ਗੂੰਗੇ ਵੀ ਹਾਂ ਤੇ ਨਾ ਹੀ ਚੱਜ ਹੈ ਸਾਨੂੰ ਲੜਨੇ ਦਾ,
ਏਸ ਤੋਂ ਬਦਤਰ ਹੋਰ ਕੀ ਸਾਡੀ ਤਕਦੀਰ ਹੋਣੀ ਏਂ।

ਤੇਰੇ ਮੇਰੇ ਸੁਪਨੇ ਓਹਨੇ ਜਿੱਥੇ ਕਤਲ ਕਰ ਦਫ਼ਨਾ ਦਿੱਤੇ,
ਸੁਣਿਆ ਓਸੇ ਥਾਂ ਓਹਦੇ ਮਹਿਲ ਦੀ ਤਾਮੀਰ ਹੋਣੀ ਏਂ।

ਓਹਦੇ ਕਹੇ ਤੇ ਛਪ ਰਿਹਾ ਅਖ਼ਬਾਰ ਸਾਡੇ ਸ਼ਹਿਰ ਦਾ,
ਫੇਰ ਕਲਮਕਾਰਾਂ ਦੀ ਕਲਮ ਕਿੱਥੋਂ ਸ਼ਮਸ਼ੀਰ ਹੋਣੀ ਏਂ

ਸੱਚ ਨੂੰ ਸੱਚ ਆਖਣ ਦੀ ਨਾ ਹਿੰਮਤ ਕਿਧਰੇ ਕੀਤੀ ਜੇ,
ਸਾਡਿਆਂ ਪੈਰਾਂ ਵਿੱਚ ਵੇਖਿਓ ਸਾਰੀ ਉਮਰ ਜੰਜ਼ੀਰ ਹੋਣੀ ਏਂ।



# ਮੁਹੱਬਤਾਂ ਦੀ ਪਿਚਕਾਰੀ

ਐਵੇਂ ਅੜੀਓ ਸੂਹਾ ਰੰਗ ਨਹੀਂ ਆਇਆ ਮੇਰੇ ਚੇਹਰੇ 'ਤੇ
ਮੁਹੱਬਤਾਂ ਦੀ ਪਿਚਕਾਰੀ ਓਹਨੇ ਭਰਕੇ ਮਾਰੀ ਮੇਰੇ 'ਤੇ

ਜਿਸ ਦਿਨ ਦਾ ਮਰ-ਜਾਣਾ ਹੱਸ ਕੇ ਮੈਨੂੰ ਵੇਖ ਗਿਆ ਏ
ਬਸ ਓਸੇ ਦਿਨ ਦੇ ਹਾਸੇ ਮਿਹਰਬਾਨ ਹੋਏ  ਨੇ ਮੇਰੇ 'ਤੇ

ਹਾਲੇ ਉਹ ਪਿੰਡ ਆਪਣੇ ਦੀ ਜੂਹ ਹੀ ਟੱਪਿਆ ਹੁੰਦਾ ਏ
ਕਾਂ ਆਣ ਕੇ ਲੱਗ ਜਾਂਦੇ ਨੇ ਰੌਲਾ ਪਾਉਣ ਬਨੇਰੇ 'ਤੇ

ਸਖੀਓ ਹੀਰ ਸਲੇਟੀ ਵਾਂਗੂੰ ਝੱਲ ਖਲਾਰੀ ਜਾਨੀ ਆਂ
ਸੌ ਸੌ ਵਾਰੀ ਸਿਜਦਾ ਕਰਦੀ ਓਹਦੇ ਇੱਕ ਇੱਕ ਗੇੜੇ 'ਤੇ

ਅੱਖ ਲਗਦੀ ਤੇ ਆ ਜਾਂਦਾ ਏ ਝੱਟ ਦੇਣੀ ਓਹ ਖ਼ਾਬਾਂ 'ਚ
ਏਸੇ ਕਰਕੇ ਗਿਲਾ ਕੋਈ ਨਾ ਰਹਿੰਦਾ ਮੈਨੂੰ ਹਨੇਰੇ 'ਤੇ

## ਜਵਾਨੀ ਭਟਕ ਰਹੀ ਹੈ

ਜਵਾਨੀ ਭਟਕ ਰਹੀ ਹੈ ਕੋਈ ਰਾਹ ਤਾਂ ਦੱਸਿਓ
ਨਸ਼ਿਆਂ ਦੇ ਨਾਲੋਂ ਵੱਡੀ ਕੋਈ ਬਲਾ ਤਾਂ ਦੱਸਿਓ


ਖਪਦੇ ਰਹਿਣ ਔਲਾਦ ਵਾਸਤੇ ਜਿਹੜੇ ਚੱਤੋ ਪਹਿਰ
ਕੋਈ ਓਹਨਾਂ ਨਾਲੋਂ ਵੱਡਾ ਹੈ ਖ਼ੁਦਾ ਤਾਂ ਦੱਸਿਓ

ਦੋ ਚਾਰ ਮਸਾਂ ਬਚਾਏ ਸੀ ਓਹ ਵੀ ਸਾੜ ਦਿੱਤੇ
ਬਿਰਖਾਂ ਕੋਲੋਂ ਹੋਇਆ ਕੋਈ ਗੁਨਾਹ ਤਾਂ ਦੱਸਿਓ

ਜੁਗਨੂੰਆਂ ਦਾ ਝੁੰਡ ਆ ਗਿਆ ਚਾਨਣ ਵੰਡਣ ਲਈ
ਕਿੱਥੇ ਕਿੱਥੇ ਦੀਵੇ ਬੁਝਾ ਗਈ ਹਵਾ ਤਾਂ ਦੱਸਿਓ

ਜਿਓਂ ਦੇ ਤਿਉਂ ਨੇ ਫੱਟ ਮਿਲੇ ਜੋ ਇਸ਼ਕੇ 'ਚੋਂ
ਕਿਸੇ ਨੂੰ ਜੇ ਲੱਭੀ ਹੈ ਕੋਈ ਦਵਾ ਤਾਂ ਦੱਸਿਓ

ਅੱਜ ਮੰਗਤਿਆਂ ਵਾਂਗੂੰ ਫਿਰਦਾ ਏ ਕਦੇ ਰਾਜਾ ਸੀ
ਸਮੇਂ ਨਾਲੋਂ ਕੋਈ ਵੱਡਾ ਜੇ ਬਾਦਸ਼ਾਹ ਤਾਂ ਦੱਸਿਓ



# ਮਹਿਕਦੀ ਫੁਲਵਾੜੀ


ਮੇਰੇ ਇਸ਼ਕ ਦੀ ਉਹ ਆਖ਼ਰ ਤੌਹੀਨ ਕਰਕੇ ਤੁਰ ਗਿਆ
ਹੱਸਦਾ ਵੱਸਦਾ ਵੇਹੜਾ ਮੇਰਾ ਗਮਗ਼ੀਨ ਕਰਕੇ ਤੁਰ ਗਿਆ

ਉਹਦੇ ਨਾਲ ਸੀ ਮਹਿਕਦੀ ਫੁਲਵਾੜੀ ਮੇਰੇ ਦਿਲ ਦੀ
ਉਹ ਪਲਾਂ ਛਿਨਾਂ ’ਚ ਬੰਜਰ ਜਮੀਨ ਕਰਕੇ ਤੁਰ ਗਿਆ

ਖ਼ਬਰ ਨਹੀਂ ਰਹਿੰਦੀ ਹੋਈ ਦਰਵਾਜੇ ’ਤੇ ਦਸਤਕ ਦੀ
ਆਪਣੀਆਂ ਯਾਦਾਂ ਵਿਚ ਮੈਨੂੰ ਲੀਨ ਕਰਕੇ ਤੁਰ ਗਿਆ

ਖੌਰੇ ਕੌਣ ਸਿਖਾ ਗਿਆ ਇਹ ਚੰਦਰਾ ਹੁਨਰ ਓਸ ਨੂੰ
ਮੈਨੂੰ ਬੇਵੱਸ ਤੇ ਖ਼ੁਦ ਨੂੰ ਬੇਹਤਰੀਨ ਕਰਕੇ ਤੁਰ ਗਿਆ

ਓਹਦੇ ਬਾਅਦ ਜ਼ਿੰਦਗੀ ’ਚ ਰਿਹਾ ਕੋਈ ਵੀ ਰੰਗ ਨਾ
ਮੇਰਾ ਹਰ ਸੁਪਨਾ ਉਹਦੇ ’ਤੇ ਯਕੀਨ ਕਰਕੇ ਤੁਰ ਗਿਆ



## ਇਸ਼ਕ ਤੇਰੇ 'ਚੋਂ

ਮੈਂ ਜੋ ਤਾਰੇ ਗਿਣ ਗਿਣ ਰਾਤ ਗੁਜ਼ਾਰੀ ਏ
ਇਹ ਸਾਰੀ ਤੇਰੀ ਅੱਖ ਦੀ ਕਾਰਗੁਜ਼ਾਰੀ ਏ

ਮੇਰੇ ਲਈ ਤਾਂ ਓਹ ਪਲ ਜੰਨਤ ਵਰਗੇ ਨੇ
ਤੂੰ ਜਦੋਂ ਜਦੋਂ ਵੀ ਅੜੀਏ ਝਾਤੀ ਮਾਰੀ ਏ

ਤੇਰੇ ਹਾਸੇ ਮੇਰੇ ਦਿਲ ਦੇ ਵਿਹੜੇ ਨੱਚਦੇ ਨੇ
ਝੱਲੇ ਦੀ ਤਾਂ ਤੇਰੇ ਈ ਨਾਲ ਸਰਦਾਰੀ ਏ

ਵੇਖ ਘਟਾਵਾਂ ਕਾਲੀਆਂ ਚੜ੍ਹਕੇ ਆਈਆਂ ਨੇ
ਤੂੰ ਜੋ ਮੱਥੇ ਵਾਲੀ ਲੱਟ ਸਵਾਰੀ ਏ

ਘਰੋਂ ਨਿਕਲਦੇ ਕਾਲਾ ਟਿੱਕਾ ਲਾਇਆ ਕਰ
ਏਨੀ ਕੁ ਤਾਂ ਤੇਰੀ ਬਣਦੀ ਜਿੰਮੇਵਾਰੀ ਏ

ਜੇ ਦਿਲ ਨਹੀਂ ਲਾਉਣਾ ਕਾਬੂ ਰੱਖ ਅਦਾਵਾਂ ਨੂੰ
ਫੇਰ ਕਹੇਂਗੀ ਮੇਰੀ ਹੀ ਗਲਤੀ ਸਾਰੀ ਏ

ਸ਼ਾਇਰੀ ਤਾਂ ਬਸ ਇਸ਼ਕ ਤੇਰੇ ਚੋਂ ਖੱਟੀ ਏ
ਪਰ ਲੋਕਾਂ ਦੇ ਤਾਂ ਭਾਅ ਦੀ ਕਲਾਕਾਰੀ ਏ

# ਥੱਬਾ ਲਫ਼ਜ਼ਾਂ ਦਾ

ਚੰਗਾ ਹੋਇਆ ਫੁੱਲਾਂ ਵਾਂਗ ਮਹਿਕਣਾ ਸਿਖਾ ਗਿਆ
ਬਦਲੇ ਜਿਵੇਂ ਰੰਗ ਜ਼ਮਾਨਾ ਬਦਲਣਾ ਸਿਖਾ ਗਿਆ

ਕਿਵੇਂ ਚੇਹਰੇ ਤੋਂ ਪੂੰਝੀਦੀ ਆ ਕਾਲਖ ਉਦਾਸੀਆਂ ਦੀ
ਪੁੰਨਿਆਂ ਦੇ ਚੰਨ ਵਾਂਗ ਉਹ ਚਮਕਣਾ ਸਿਖਾ ਗਿਆ

ਜਾਬਰ ਦੇ ਜ਼ੁਲਮ ਸਾਹਵੇਂ ਗਰਦਨ ਨਾ ਝੁਕ ਜਾਵੇ
ਤੇਜ ਧਾਰ ਸ਼ਮਸ਼ੀਰ ਵਾਂਗ ਲਿਸ਼ਕਣਾ ਸਿਖਾ ਗਿਆ

ਨਕਾਬ ਨੇ ਹਰ ਚੇਹਰੇ ਤੇ ਤੂੰ ਅੱਖਾਂ ਤੋਂ ਪੜ੍ਹਿਆ ਕਰ
ਪਹਿਲੀ ਨਜ਼ਰ 'ਚ ਬੰਦੇ ਨੂੰ ਪਰਖਣਾ ਸਿਖਾ ਗਿਆ

ਥੱਬਾ ਲਫ਼ਜ਼ਾਂ ਦਾ ਓਹ ਮੇਰੀ ਝੋਲੀ 'ਚ ਧਰ ਗਿਆ
ਬਹਿ ਕੇ ਇਕਾਂਤ 'ਚ ਗ਼ਜ਼ਲ ਸਿਰਜਣਾ ਸਿਖਾ ਗਿਆ

## ਮਾਂ ਹੈ ਜਿਊਂਦੀ


ਹਾੜ੍ਹ ਦੀ ਧੁੱਪ ਕੀ ਸਾੜੂਗੀ ਚੰਮ ਨੂੰ
ਜਦੋਂ ਤਾਈਂ ਰੁੱਖਾਂ ਦੀ ਛਾਂ ਹੈ ਜਿਊਂਦੀ

ਦੁਆਵਾਂ ਦੀ ਓਹਨੂੰ ਥੋੜ ਨਾ ਕੋਈ
ਸਿਰ ਉੱਤੇ ਜਿੰਨਾਂ ਦੇ ਮਾਂ ਹੈ ਜਿਊਂਦੀ

ਬਚਪਨ ਦੀਆਂ ਜਿਥੇ ਜੁੜੀਆਂ ਨੇ ਤੰਦਾਂ
ਚੇਤਿਆਂ 'ਚ ਰਹਿੰਦੀ ਓਹ ਥਾਂ ਹੈ ਜਿਊਂਦੀ

ਸੁਪਨੇ ਵੀ ਜਿਊਂਦੇ ਤੇ ਆਸ ਵੀ ਨਾ ਮੋਈ
ਮੇਹਨਤੀ ਹਾਂ ਖੌਰੇ ਇਹ ਤਾਂ ਹੈ ਜਿਊਂਦੀ

ਉਂਗਲਾਂ ਨੂੰ ਕਮਲੀ ਬਣਾ ਲੈਂਦੀ ਕਲਮਾਂ
ਹਵਾਵਾਂ 'ਚ ਵਾਹ ਮੇਰਾ ਨਾਂ ਹੈ ਜਿਊਂਦੀ



## ਪੀੜ੍ਹ ਨਾ ਛੱਡੇ


ਹੀਰ ਨੇ ਛੱਡਿਆ ਪੀੜ੍ਹ ਨਾ ਛੱਡੇ
ਚੰਦਰੀ ਰੂਹ ਸਰੀਰ ਨਾ ਛੱਡੇ

ਦਿਲ ਭੈੜਾ ਤੇਰਾ ਖਿਆਲ ਨੀ ਛੱਡਦਾ
ਖੁਦਾ ਦਾ ਦਰ ਜਿਵੇਂ ਪੀਰ ਨਾ ਛੱਡੇ

ਬੁੱਲ੍ਹਾਂ ਨੇ ਹਾਸਾ ਛੱਡਿਆ ਪਿਆ ਈ
ਕਮਲੀ ਅੱਖ ਪਰ ਨੀਰ ਨਾ ਛੱਡੇ

ਪੈਰ ਤੇਰੇ ਸ਼ਹਿਰ ਦਾ ਰਾਹ ਨੀ ਛੱਡਦੇ
ਤੇ ਹੱਥ ਤੇਰੀ ਤਸਵੀਰ ਨਾ ਛੱਡੇ

ਟਾਵਾਂ ਈ ਸੁਣਿਆ ਵਿੱਛੜ ਕੇ ਮਿਲਿਆ
ਆਸ਼ਕ ਨੂੰ ਮਾੜੀ ਤਕਦੀਰ ਨਾ ਛੱਡੇ



# ਬਾਪੂ

ਸਾਂਵਲਾ ਜਿਹਾ ਉਹਦਾ ਰੰਗ ਹੈ ਭਾਅ ਜੀ
ਮਿਹਨਤਾਂ ਦੀ ਉਹ ਪੰਡ ਹੈ ਭਾਅ ਜੀ


ਘਰ ਦੀ ਨੀਂਹ ਵੀ ਉਹਨੂੰ ਈ ਆਖੋ
ਘਰ ਦੀ ਉਹ ਹਰ ਕੰਧ ਹੈ ਭਾਅ ਜੀ

ਬਾਹਰੋਂ ਨਿਰਾ ਉਹ ਨਿੰਮ ਵਰਗਾ ਜੇ
ਅੰਦਰੋਂ ਨਿਰੀ ਉਹ ਖੰਡ ਹੈ ਭਾਅ ਜੀ

ਸਾਡੇ ਭਾਅ ਦਾ ਰੱਬ ਹੈ ਮੰਨਿਆ
ਜੇ ਕਿਧਰੇ ਉਹ ਰਜ਼ਾਮੰਦ ਹੈ ਭਾਅ ਜੀ

ਬਾਪੂ ਸਿਰ ਤੇ ਸਾਰੀਆਂ ਐਸ਼ਾਂ
ਬਾਪੂ ਬਿਨਾਂ ਨਾ ਰੰਗ ਹੈ ਭਾਅ ਜੀ

ਉਹ ਘਰ ਨਰਕ ਤੋਂ ਘੱਟ ਨਹੀਂ ਹੁੰਦੈ
ਜਿੱਥੇ ਬਾਪੂ ਤੰਗ ਹੈ ਭਾਅ ਜੀ



## ਆਪਣੇ ਹਿੱਸੇ ਦਾ ਚਾਨਣ


ਹੌਲੀ ਹੌਲੀ ਸੂਰਜ ਮੇਰੇ ਸਿਰ ਤੇ ਚੜ੍ਹਦਾ ਗਿਆ
ਲੰਮੇ ਲੰਝੇ ਪਰਛਾਵੇਂ ਨੂੰ ਉਹ ਬੌਣਾ ਕਰਦਾ ਗਿਆ

ਵਾਟ ਲੰਬੀ ਸੀ ਭਾਵੇਂ ਰਾਹ ਵਿੱਚ ਠੇਡੇ ਵੀ ਖਾਧੇ
ਬਸ ਮੰਜ਼ਿਲ ਬਾਰੇ ਸੋਚ ਕੇ ਜਨੂੰਨ ਚੜਦਾ ਗਿਆ

ਆਪਣੇ ਹਿੱਸੇ ਦਾ ਚਾਨਣ ਆਪ ਲੱਭਣ ਸਾਂ ਤੁਰਿਆ
ਝੁੰਡ ਜੁਗਨੂੰਆਂ ਦਾ ਮੇਰੀ ਅਗਵਾਈ ਕਰਦਾ ਗਿਆ

ਹਾਉਕਿਆਂ ਦੇ ਸਾਗਰ ਕਈ ਡੀਕ ਲਾ ਕੇ ਪੀ ਗਿਆ
ਫੇਰ ਵੀ ਤਿਹਾਇਆ ਰਿਹਾ ਸਾਗਰ ਵੀ ਭਰਦਾ ਗਿਆ

ਹੋਰ ਤਾਂ ਕੋਈ ਨਹੀਂ ਸੀ ਮੇਰੀਆਂ ਜੋ ਲੱਤਾਂ ਖਿੱਚਦਾ
ਸਾਰੇ ਰਾਹ ਮੈਂ ਆਪਣੇ ਆਪ ਨਾਲ ਲੜਦਾ ਗਿਆ



## ਬਾਪੂ ਤੇਰੀਆਂ ਧੰਨ ਕਮਾਈਆਂ

ਹੱਥੀਂ ਅਟਣ ਪੈਰੀਂ ਬਿਆਈਆਂ
ਬਾਪੂ ਤੇਰੀਆਂ ਧੰਨ ਕਮਾਈਆਂ

ਭਾਵੇਂ ਤੇਰੀ ਜੇਬ ਨਾ ਧੇਲਾ
ਸਾਨੂੰ ਕਦੇ ਨਾ ਤੰਗੀਆਂ ਆਈਆਂ


ਕਣਕਾਂ ਵੱਢੀਆਂ ਟੋਕੇ ਗੇੜੇ
ਮਿਹਨਤ ਕੀਤੀ ਵਾਂਗ ਸ਼ੁਦਾਈਆਂ

ਸਕੂਲੋਂ ਕਾਲਜੋਂ ਡਿਗਰੀਆਂ ਲਈਆਂ
ਤੈਥੋਂ ਪੜ੍ਹੀਆਂ ਅਸਲ ਪੜ੍ਹਾਈਆਂ

ਮਾਂ ਨੂੰ ਕਿੰਝ ਕਰਾਂ ਅਣਗੌਲੇ
ਕੀਤੀਆਂ ਸਾਡੇ ਲਈ ਸਲਾਈਆਂ

ਸੁੱਖ ਦੀ ਨੀਂਦਰ ਸੌਂਦੇ ਤਾਂ ਸੀ
ਤੁਸਾਂ ਨੀਂਦਰਾਂ ਆਪ ਗਵਾਈਆਂ

ਰੱਬਾ ਲੰਬੀਆਂ ਉਮਰਾਂ ਬਖ਼ਸ਼ੀਂ
ਮਾਪੇ ਹੁੰਦਿਆਂ ਬੇਪਰਵਾਹੀਆਂ




## ਉਹ ਆਈ ਏ

ਤੂੰ ਆਈ ਤੇ ਸੱਚੀ ਖ਼ੁਸ਼ਬੋ ਆਈ ਏ
ਮੇਰੇ ਹਨੇਰੇ ਘਰ ਵਿਚ ਲੋਅ ਆਈ ਏ

ਮੁੜ ਨਾ ਜਾਵੇਂ ਮੁੱਖ ਵਿਖਾ ਕੇ ਡਰ ਲਗਦਾ
ਰੂਹ ਮੇਰੀ ਝਟ ਦਰਵਾਜ਼ਾ ਢੋ ਆਈ ਏ

ਸੁਪਨਾ ਏਂ ਜਾਂ ਹਕੀਕਤ ਖ਼ਬਰ ਨਹੀਂ
ਪਰ ਖੁਸ਼ ਕੇ ਗਈ ਏ ਘੜੀ ਜੋ ਆਈ ਏ

ਬੇਬੇ ਕਹਿੰਦੀ ਅੱਜ ਕਿਉਂ ਖਿੜਿਆ ਫਿਰਦਾ ਏਂ
ਮੈਂ ਕਿਹਾ ਕੀ ਦੱਸਾਂ ਬੇਬੇ ਅੱਜ ਉਹ ਆਈ ਏ



# ਖੁਭਦੇ ਖੰਜ਼ਰ ਵੇਖੇ ਨੇ

ਆਪਣਿਆਂ ਹੱਥੋਂ ਆਪਣੇ ਸੀਨੇ
ਖੁਭਦੇ ਖੰਜ਼ਰ ਵੇਖੇ ਨੇ
ਤੜਫ ਰਹੇ ਨੇ ਜਿਹਨਾਂ ਚੁਰਾਸੀ
ਵਾਲੇ ਮੰਜ਼ਰ ਵੇਖੇ ਨੇ

ਕਾਲੇ ਦਿਨਾਂ ਦੀ ਕਾਲਖ ਸਾਡੇ
ਪਿੰਡਿਆਂ ਉੱਤੇ ਮਲੀ ਗਈ
ਓਸੇ ਕਾਲਖ਼ ਨਾਲ ਮੈਂ ਇੱਥੇ
ਧੁਖਦੇ ਅੰਦਰ ਵੇਖੇ ਨੇ


ਖਾਲੀ ਹੱਥੀਂ ਆਏ ਉਹ ਸਾਰੇ
ਜਾਣ ਵੇਲੇ ਵੀ ਖਾਲੀ ਸੀ
ਪੋਰਸ ਬਣੀਂ ਤੂੰ, ਬਣਦੇ ਇੱਥੇ
ਬੜੇ ਸਿਕੰਦਰ ਵੇਖੇ ਨੇ

ਡਿਗਰੀਆਂ ਦਾ ਏ ਥੱਬਾ ਆਪਣਾ
ਲਗਦਾ ਮੈਨੂੰ ਭਾਰ ਜੇਹਾ
ਨਾਲ ਸ਼ਿਫਾਰਸ਼, ਰਿਸ਼ਵਤ ਇੱਥੇ
ਲਗਦੇ ਨੰਬਰ ਵੇਖੇ ਨੇ

ਭੇਸ ਬਣਾਉਣੇ ਸੌਖੇ ਬੰਦਿਆ
ਔਖੇ ਰਾਹ ਬਥੇਰੇ ਨੇ
ਚੰਗੇ ਅਮਲਾਂ ਬਾਝੋਂ ਕਿੱਥੇ
ਅਸਲ ਕਲੰਦਰ ਵੇਖੇ ਨੇ

ਡਾਹਢੇ ਝੱਲਦੇ ਰਹਿਣ ਤਸੀਹੇ
ਰੁੱਖ ਵਿਚਾਰੇ ਕੁਸਕਣ ਨਾ
ਹੰਝੂ ਕਿਰਦੇ ਪੰਛੀਆਂ ਦੀ ਮੈਂ
ਮਜਲਸ ਅੰਦਰ ਵੇਖੇ ਨੇ

ਸਾਹਮਣੇ ਕਰੇ ਤਸ਼ੱਦਦ ਜ਼ਾਲਿਮ
ਜ਼ੁਲਮ ਪਹੁੰਚਿਆ ਸ਼ਿਖਰਾਂ 'ਤੇ
ਖ਼ਲਕਤ ਚੁੱਪ, ਚੁੱਪ ਗੁਰੂ ਘਰ,
ਮਸਜਿਦ, ਮੰਦਿਰ ਵੇਖੇ ਨੇ



## ਜੇ ਸੱਚ ਮੂੰਹੋਂ ਬੋਲਾਂ

ਨਿੰਮਾਂ ਕੌੜੀਆਂ, ਤੁੰਮੇ ਕੌੜੇ,
ਮਿੱਠੀਆਂ ਲੱਗਣ ਗੋਹਲਾਂ
ਉਹ ਵੀ ਲੱਗਣਾ ਕੌੜਾ ਤੈਨੂੰ
ਜੇ ਸੱਚ ਮੂੰਹੋਂ ਬੋਲਾਂ

ਭਟਕਣ ਬੰਦਿਆ ਮੁੱਕਦੀ ਨਹੀਓਂ
ਗਾਹੀਆਂ ਚਾਰ ਦਿਸ਼ਾਵਾਂ
ਮੁਰਸ਼ਦ ਬੈਠਾ ਅੰਦਰ ਮੇਰੇ
ਮੈਂ ਬਾਹਰ ਪਿਆ ਟੋਲਾਂ

ਤੇਰੀ ਨਗਰੀ ਚਲਦੀ ਨਹੀਓਂ
ਰਿਸ਼ਵਤ ਨਾਲ ਸ਼ਿਫਾਰਸ਼
ਤੇਰਾ ਡਰ ਖ਼ੁਦਾਇਆ ਮੈਨੂੰ
ਤੇਰਾਂ ਈ ਤੇਰਾਂ ਤੋਲਾਂ

ਦਿਲ ਦਰਵਾਜ਼ੇ ਹੋਵੇ ਦਸਤਕ
ਕਈ ਕੁੰਡਾ ਖੜਕਾਉਂਦੇ
ਐਬ ਗੁਨਾਹਾਂ ਕਿੱਥੇ ਲੁਕਣਾ
ਡਰਦਾ ਦਰ ਨਾ ਖੋਹਲਾਂ

ਲੋਕੀਂ ਸ਼ਾਇਰ ਸ਼ਾਇਰ ਆਂਹਦੇ
ਲਿਖਣਾ ਕਿੱਥੇ ਆਵੇ
ਮਤਲੇ, ਮੁਕਤੇ ਨਾਲ ਕਾਫ਼ੀਏ
ਰਲ਼ ਕੇ ਕਰਨ ਕਲੋਲਾਂ

## ਕਮਲਿਓ ਲੋਕੋ!

ਮਨੁੱਖਤਾ ਉੱਤੇ ਕਹਿਰ ਜਿਹਾ ਢਾਈ ਜਾਂਦੇ ਨੇ
ਭਾਈਆਂ ਹੱਥੋਂ ਭਾਈ ਮਰਵਾਈ ਜਾਂਦੇ ਨੇ

ਕਿਰਤੀ ਦਾ ਨਾ ਸੋਚਣ ਕਿੰਨਾ ਔਖਾ ਏ
ਆਪਣੇ ਰਿਸ਼ਤੇਦਾਰ ਰਜਾਈ ਜਾਂਦੇ ਨੇ

ਹੱਕ ਲੈਣ ਲਈ ਨਿਕਲ ਪਵੇ ਨਾ ਸੜਕਾਂ ਤੇ
ਜਵਾਨੀਆਂ ਨਸ਼ਿਆਂ ਉੱਤੇ ਲਾਈ ਜਾਂਦੇ ਨੇ

ਇੱਕ ਪੀੜ੍ਹੀ ਸਾਡੀ ਮੁੱਕੀ ਵਿਚ ਚੁਰਾਸੀ ਦੇ
ਹਿੰਮਤ ਕਰੋ! ਇਹ ਇੱਕ ਹੋਰ ਮੁਕਾਈ ਜਾਂਦੇ ਨੇ

ਧਰਮ ਦੇ ਨਾਂ ਤੇ ਵੰਡੀਆਂ ਪਾ ਕੇ ਸਾਡੇ 'ਚ
ਕਮਲਿਓ ਲੋਕੋ! ਲੁੱਟ ਲੁੱਟ ਖਾਈ ਜਾਂਦੇ ਨੇ

ਝੁੱਗੀਆਂ ਦੇ ਵਿਚ ਬੱਚੇ ਭੁੱਖੇ ਵਿਲਕ ਰਹੇ
ਦਾਨੀ ਲੰਗਰ ਸ਼ਹਿਰ ਚ ਲਾਈ ਜਾਂਦੇ ਨੇ

ਸੁੱਤੀ ਸਾਰੀ ਖ਼ਲਕਤ ਕੋਈ ਜਗਾਉਂਦਾ ਨਹੀਂ
ਲੰਘਦਾ ਏ ਜਿਵੇਂ ਸਮਾਂ ਲੰਘਾਈ ਜਾਂਦੇ ਨੇ

ਰੱਬ ਵੀ ਏ ਕਠਪੁਤਲੀ ਹਾਕਮੀਂ ਹੱਥਾਂ ਦੀ
ਤੇਰੇ ਮੇਰੇ ਜਹੇ ਝੂਠੀਆਂ ਸੌਂਹਾਂ ਖਾਈ ਜਾਂਦੇ ਨੇ

ਹਾਲੇ ਮੇਰੇ ਸਾਥੀਆਂ ਦੇ ਕੋਲ ਵਿਹਲ ਨਹੀਂ
ਉਹ ਤਾਂ ਫੇਸਬੁੱਕ ਤੇ ਫੋਟੋਆਂ ਪਾਈ ਜਾਂਦੇ ਨੇ

## ਸੁੱਤੇ ਹਰਫ਼

ਉਂਗਲ ਨਾਲ ਹਵਾਵਾਂ ਤੇ ਜੋ ਅੱਖਰ ਵਾਹੁੰਦਾ ਰਹਿਨਾ ਏਂ
ਟਾਵਾਂ ਹੀ ਕੋਈ ਸਮਝੇ ਜੋ ਬੁਝਾਰਤ ਪਾਉਂਦਾ ਰਹਿਨਾ ਏਂ

ਤੇਰੇ ਕਮਰੇ ਹਰ ਪਲ ਰਹਿੰਦਾ ਚਾਨਣ ਚਿੱਟੇ ਚੰਨ ਵਰਗਾ
ਕਿਹੜੀ ਜੁਗਤ ਲੜਾ ਕੇ ਸੁੱਤੇ ਹਰਫ਼ ਜਗਾਉਂਦਾ ਰਹਿਨਾ ਏਂ

ਫੁੱਲਾਂ ਵਿਚ ਵੀ ਘਿਰ ਕੇ ਲੋਕੀਂ ਡਾਢਾ ਦੁੱਖ ਸੁਣਾਉਂਦੇ ਨੇ
ਸੂਲ ਚੁਭੇ ਤੂੰ ਤਾਂ ਵੀ ਰਬ ਦਾ ਸ਼ੁਕਰ ਮਨਾਉਂਦਾ ਰਹਿਨਾ ਏਂ

ਪੰਖੂਆਂ ਤੇ ਛਾਵਾਂ ਦੀ ਤੈਨੂੰ ਡਾਢੀ ਫ਼ਿਕਰ ਸਤਾਉਂਦੀ ਏ
ਬਿਰਖ ਉਗਾਉਂਦਾ ਰਹਿਨਾ ਏਂ ਕਦੇ ਪਾਣੀ ਪਾਉਂਦਾ ਰਹਿਨਾ ਏਂ

ਮੇਰੇ ਕੋਲ ਵੀ ਹੋ ਕੇ ਅੜਿਆ ਮੇਰੇ ਕੋਲ ਨਾ ਹੁੰਨਾ ਏਂ
ਦੱਸ ਵੇ ਕਵੀਆ ਕਾਹਤੋਂ ਮੇਰਾ ਦਿਲ ਤੜਫਾਉਂਦਾ ਰਹਿਨਾ ਏਂ

ਤੋਤੇ ਦੀ ਚੁੰਝ ਰੰਗੀ ਕੋਈ ਲਿਖ ਮੇਰੇ ਤੇ ਕਵਿਤਾ ਵੇ
ਰੁੱਤਾਂ ਤੇ ਚੰਨ ਤਾਰਿਆਂ ਦੇ ਨਿੱਤ ਗੀਤ ਬਣਾਉਂਦਾ ਰਹਿਨਾ ਏਂ

ਗੁਲਾਬ, ਚਮੇਲੀ, ਮੌਲਸਰੀ, ਕਦੇ ਜਾਪੇ ਮੈਨੂ ਕਰੌਂਦਾ ਵੇ
ਜਿਹੜੇ ਰਾਹੋਂ ਲੰਘਦਾ ਏਂ ਰਾਹਾਂ ਮਹਿਕਾਉਂਦਾ ਰਹਿਨਾ ਏਂ


# ਤੇਰੇ ਵਰਗਾ ਭਾਲ ਨਹੀਂ ਹੁੰਦਾ

ਤੇਰੇ ਖਿਆਲਾਂ ’ਚ ਰਹਿਨਾ
ਅਪਣਾ ਮੈਨੂੰ ਖਿਆਲ ਨਹੀਂ ਹੁੰਦਾ
ਇੱਕੋ ਤੇਰੀ ਯਾਦ ਹੁੰਦੀ ਏ
ਹੋਰ ਕੋਈ ਮੇਰੇ ਨਾਲ ਨਹੀਂ ਹੁੰਦਾ

ਤੇਰੇ ਘਰ ਨੂੰ ਰਾਹ ਹਨੇਰੇ
ਮੈਂ ਠੇਡੇ ਖਾ-ਖਾ ਡਿਗਦਾ ਹਾਂ
ਹੱਦੋਂ ਵੱਧ ਤੂੰ ਬੇਵਫ਼ਾ ਏਂ
ਜੋ ਇੱਕ ਵੀ ਦੀਵਾ ਬਾਲ ਨਹੀਂ ਹੁੰਦਾ

ਯਾਦਾਂ, ਰੁਸਵਾਈਆਂ ਤੇ ਲਾਰੇ ਤੇਰੇ
ਮੇਰਾ ਕਮਰਾ ਭਰਿਆ ਪਿਆ ਏ
ਮੇਰੇ ਭਾਅ ਦਾ ਏਹੋ ਖਜ਼ਾਨਾ
ਇਸ਼ਕ ’ਚ ਕੋਈ ਕੰਗਾਲ ਨਹੀਂ ਹੁੰਦਾ

ਉਂਝ ਤਾਂ ਤੈਥੋਂ ਸੋਹਣਿਆਂ ਦੀ ਵੇ
ਜੱਗ ਤੇ ਕੋਈ ਕਮੀਂ ਨਹੀਂ ਏਂ
ਅਸੀਂ ਹੀ ਝੱਲੇ ਜਿੰਨ੍ਹਾਂ ਕੋਲੋਂ
ਤੇਰੇ ਵਰਗਾ ਭਾਲ਼ ਨਹੀਂ ਹੁੰਦਾ



## ਅਜੇ ਧੀਮੀ ਰਫ਼ਤਾਰ ਹੈ

ਨਫ਼ਰਤ ਦੇ ਇਸ ਦੌਰ ਵਿਚ ਜਿਉਣਾ ਦੁਸ਼ਵਾਰ ਹੈ।
ਹਰ ਸਖਸ਼ ਖੰਜ਼ਰ ਪਿੱਠ ਵਿਚ ਖੋਭਣ ਨੂੰ ਤਿਆਰ ਹੈ।


ਜੀ ਹਜ਼ੂਰੀ ਆਪਣੀ ਥਾਂ ਪਰ ਬਹੁਤਾ ਵੀ ਨਾ ਬੋਲ ਤੂੰ,
ਖ਼ਬਰ ਨਹੀਂ ਹੈ ਤੈਨੂੰ ਕਿਸਦੇ ਹੱਥ ਚ ਕਟਾਰ ਹੈ।

ਸ਼ਿਕਵਾ ਨਹੀਂ ਹੈ ਕਿਸੇ ਤੇ ਬਸ ਆਪੇ ਨਾਲ ਨਾਰਾਜ਼ ਹਾਂ,
ਮੈਨੂੰ ਪਤਾ ਹੈ ਮੇਰਾ ਜਿਹੜੇ ਦਿਲਾਂ ’ਚ ਸਤਿਕਾਰ ਹੈ।

ਫਾਡੀ ਰਹਿ ਜਾਵੇਂਗਾ ਤੈਥੋਂ ਮੰਜਿਲ ਪਾਈ ਜਾਣੀ ਨਾ,
ਰਲ ਜਾ ਨਾਲ ਜਮਾਨੇ ਤੇਰੀ ਅਜੇ ਧੀਮੀ ਰਫ਼ਤਾਰ ਹੈ।

ਦੌਲਤ ਸ਼ੋਹਰਤ ਕਿੰਨੀ ਤੇਰੇ ਕੋਲ ਆ ਉਹਨੇ ਪੁੱਛਣੀ ਨਾ,
ਅਮਲਾਂ ਦੇ ਜੋ ਕਰਨ ਨਬੇੜੇ ਬੈਠਾ ਉਹ ਕਰਤਾਰ ਹੈ।

ਮਿੱਟੀ ਵਿਚ ਮਿਲ ਜਾਵੇਗੀ ਹਸਤੀ ਜੋ ਤੇਰੀ ਉੱਚੀ ਏ,
‘ਅਮਨ ਚਾਹਲ’ ਇਹ ਜਾਣ ਲਵੀਂ ਜੇ ਤੈਨੂੰ ਕੋਈ ਹੰਕਾਰ ਹੈ।



# ਚਿਹਰੇ ਉੱਤੇ ਚਿਹਰਾ

ਇੱਕ ਧਰਤੀ, ਇੱਕ ਮਾਂ ਬੋਲੀ
ਇੱਕ ਅਮੜੀ ਜਿਹਨੇ ਜਾਇਆ
ਤਿੰਨਾਂ ਦਾ ਹੀ ਜੱਗ ਤੇ ਕੋਈ
ਕਰਜ਼ ਨਹੀਂ ਲਾਹ ਪਾਇਆ

ਸੂਰਜ ਵਾਂਗੂ ਤਪਦਾ ਕਹਿ ਲੋ
ਜਾ ਤੂੰਮਿਆਂ ਜਿਹਾ ਕੌੜਾ
ਬਾਪੂ ਵਾਂਗੂ ਜੀਵਨ ਕੀਹਨੇ
ਬੱਚਿਆਂ ਲਈ ਗਵਾਇਆ


ਬਿਰਖਾਂ ਵਰਗਾ ਵੱਡਾ ਜੇਰਾ
ਹੋਰ ਕਿਸੇ ਦਾ ਨਹੀਓਂ
ਚੁੱਪ ਚਪੀਤੇ ਜਿਹਨਾਂ ਸਿਰ ਤੇ
ਸਾਰਾ ਸਿਤਮ ਹੰਢਾਇਆ

ਚਿਹਰੇ ਉੱਤੇ ਚਿਹਰਾ ਚੜ੍ਹਿਆ
ਜਿਸਨੇ ਵੀ ਹੈ ਪੜ੍ਹਿਆ
ਭੇਤ ਓਸੇ ਨੇ ਪਾਇਆ, ਕੇਹੜਾ
ਆਪਣਾ ਕੇਹੜਾ ਪਰਾਇਆ

ਉਹ ਨਾ ਜਾਣਾ ਬਖਸ਼ਿਆ
ਬੰਦਿਆ ਕਦੇ ਉਹਦੇ ਦਰਗਾਹੀਂ
ਜਿਹਨੇ ਬਿਰਧ ਆਸ਼੍ਰਮ ਆਪਣਾ
ਮਾਂ ਪਿਓ ਜਾ ਬਿਠਾਇਆ

ਕੰਜਕਾਂ, ਰੁੱਖ ਤੇ ਪਾਣੀ ਹੁੰਦੇ
ਬੰਦਿਆ ਧਨ ਅਣਮੁੱਲਾ
ਤਿੰਨਾਂ ਦਾ ਨਾ ਕਰੀਂ ਨਿਰਾਦਰ
ਗੁਰੂਆਂ ਇਹ ਫ਼ਰਮਾਇਆ

‘ਅਮਨ ਚਾਹਲ’ ਚਲ ਸਾਂਭੀਏ ਆਪਾਂ
ਕਾਗਜ਼, ਕਲਮ ਤੇ ਅੱਖਰ
ਜਿਹਨਾਂ ਬਾਝੋਂ ਫਿਰਦਾ ਏ ਮਨ
ਹਰ ਵੇਲੇ ਤਿਰਹਾਇਆ




## ਦੁਆ ਮੇਰੀ

ਤੇਰੇ ਹਾਸਿਆਂ ਦੀ ਉਮਰ ਲਮੇਰੀ ਹੋਵੇ, ਦੁਆ ਮੇਰੀ
ਤੇਰੀ ਜ਼ਿੰਦਗੀ ਖੁਸ਼ੀਆਂ ਨੇ ਘੇਰੀ ਹੋਵੇ, ਦੁਆ ਮੇਰੀ

ਤੈਨੂੰ ਵੇਖ ਕਦੇ ਨਾ ਮੱਥੇ ਵੱਟ ਪਾਵੇ ਕੋਈ
ਤੂੰ ਜਾਵੇਂ ਜਿੱਥੇ ਵਾਹ ਵਾਹ ਤੇਰੀ ਹੋਵੇ, ਦੁਆ ਮੇਰੀ

ਤੇਰੇ ਐਬ ਹੋਣ ਮਨਫੀ ਤੇ ਸ਼ੋਭਾ ਹੋਰ ਹੋਵੇ
ਹਰ ਮਹਿਫ਼ਿਲ ਨੇ ਗਲ ਤੇਰੀ ਛੇੜੀ ਹੋਵੇ, ਦੁਆ ਮੇਰੀ

ਤੇਰੇ ਮੰਗਣ ਤੋਂ ਪਹਿਲਾਂ ਮਿਲੇ ਹਰ ਸ਼ੈਅ ਤੈਨੂੰ
ਦਿਲ ਦੀ ਹਰ ਰੀਝ ਪੂਰੀ ਤੇਰੀ ਹੋਵੇ, ਦੁਆ ਮੇਰੀ



# ਵਿਹੜੇ ਕਿਰਤੀ ਦੇ

ਮੈਂ ਤਾਂ ਨਹੀਂ ਮੰਨਦਾ ਕਿ ਇੱਥੇ ਪਿਆਰ ਵਧ ਰਹੇ ਨੇ
ਮਾਰ ਧਾੜ ਵੱਧ ਰਹੀ ਹੈ ਗੁਨਾਹਗਾਰ ਵਧ ਰਹੇ ਨੇ

ਡਿਗਰੀਆਂ ਬਹੁਤ ਨੇ ਪਰ ਨੌਂਕਰੀ ਹੱਥ ਨਾ ਆਵੇ
ਕਿਤੇ ਭਟਕ ਨਾ ਜਾਣ ਜੋ ਬੇਰੁਜਗਾਰ ਵਧ ਰਹੇ ਨੇ


ਲਾਇਬ੍ਰੇਰੀਆਂ ਸੁੰਨੀਆਂ,ਕਿਤਾਬਾਂ ਰੋਂਦੀਆਂ ਤੱਕੀਆਂ
ਹੱਥਾਂ ਵਿਚ ਜਵਾਨਾਂ ਦੇ ਮਾਰੂ ਹਥਿਆਰ ਵਧ ਰਹੇ ਨੇ

ਸਰਕਾਰਾਂ ਖੁਸ਼ ਨੇ ਇਸੇ ਨੂੰ ਨਾਂ ਦੇ ਕੇ ਤਰੱਕੀ ਦਾ
ਕਿ ਦੇਸ਼ਾਂ ਵਿਦੇਸ਼ਾਂ ਨਾਲ ਸਾਡੇ ਵਪਾਰ ਵਧ ਰਹੇ ਨੇ

ਵੇਹੜੇ ਕਿਰਤੀ ਦੇ ਵਿਲਕਦੇ ਬਾਲ ਭੁੱਖਾਂ ਦੇ ਮਾਰੇ
ਦਿਹਾੜੀ ਵਧਦੀ ਨਹੀਂ ਮਹਿੰਗੇ ਬਜ਼ਾਰ ਵਧ ਰਹੇ ਨੇ

ਬੁਢਾਪਾ ਰੁਲ਼ਦਾ ਮੈਂ ਵੇਖਾਂ ਬਿਰਧ ਘਰਾਂ ਵਿਚ ਲੋਕੋ
ਉੱਡੀ ਅਫ਼ਵਾ ਕੇ ਬਜ਼ੁਰਗਾਂ ਦੇ ਸਤਿਕਾਰ ਵਧ ਰਹੇ ਨੇ

ਸਿਖਰ ਦੁਪਹਿਰੇ ਇੱਥੋਂ ਚੋਰੀ ਹੁੰਦੀਆਂ ਨੇ ਕਵਿਤਾਵਾਂ
ਓਦਾਂ ਸੁਨਣ 'ਚ ਆਇਆ ਕਿ ਪਹਿਰੇਦਾਰ ਵਧ ਰਹੇ ਨੇ



## ਪੀੜ੍ਹਾਂ ਦੀ ਫ਼ਸਲ


ਢਾਹ ਕੇ ਉਹ ਸਿਤਮ ਤੇ ਉਹਨੂੰ ਫ਼ਜ਼ਲ ਕਹਿਣ ਲੱਗੇ
ਰਾਹਾਂ 'ਚ ਵਿਛਾ ਕੇ ਸੂਲਾਂ ਤੇ ਕਮਲ ਕਹਿਣ ਲੱਗੇ

ਖੁਦ ਹੀ ਦੇਂਦੇ ਸੀ ਤਰਜੀਹ ਉਹ ਮੇਰੇ ਸੁਖ਼ਨਾਂ ਨੂੰ
ਤੁਆਜੁਬ ਹੋਇਆ ਜਦੋਂ ਉਹ ਬਦ ਸ਼ਕਲ ਕਹਿਣ ਲੱਗੇ

ਹਰਫ਼ਾਂ ਬਣ ਕੇ ਲਫ਼ਜ਼ ਵੰਡਾ ਲਿਆ ਦਰਦ ਮੇਰਾ
ਸਫਿਆਂ ਤੇ ਜਦ ਉਕਰਿਆ ਲੋਕ ਗ਼ਜ਼ਲ ਕਹਿਣ ਲੱਗੇ

ਤਾਰੇ ਆਏ ਪਾਉਣ ਅਲਾਹਣੀਆਂ ਮੁੱਕੀਆਂ ਸੱਧਰਾਂ ਤੇ
ਸੁਪਨੇ ਭਰਨ ਗਵਾਹੀ ਹੋਇਆ ਕਤਲ ਕਹਿਣ ਲੱਗੇ

ਜਦੋਂ ਝਾਤ ਮਾਰੀ ਮੇਰੇ ਦਿਲ ਦੇ ਵੇਹੜੇ ਲੋਕਾਂ ਨੇ
ਪੱਕ ਗਈ ਹੈ ਪੀੜ੍ਹਾਂ ਦੀ ਮੈਨੂੰ ਫ਼ਸਲ ਕਹਿਣ ਲੱਗੇ



# ਆਉਣਾ ਚਾਹੁੰਦਾ ਹਾਂ

ਆਉਣਾ ਚਾਹੁੰਦਾ ਹਾਂ ਦਰ ਤੇਰੇ ਹਾਲਾਤ ਆਉਣ ਨਹੀਂ ਦੇਂਦੇ
ਕਿ ਪਲ ਵੀ ਹੋਠਾਂ ਤੇ ਮੁਸਕਾਨ ਹੁਣ ਸਜਾਉਣ ਨਹੀਂ ਦੇਂਦੇ

ਬਣ ਗਿਆ ਹੈ ਸਾਡੇ ਦਰਮਿਆਂ ਫ਼ਾਸਲਾ ਦਿਨ ਰਾਤ ਜੇਹਾ
ਕੋਸ਼ਿਸ਼ ਕਰਦਾ ਹਾਂ ਬਥੇਰੀ ਪਰ ਮਿਟਾਉਣ ਨਹੀਂ ਦੇਂਦੇ

ਤੈਨੂੰ ਭਰਮ ਸੀ ਕਿ ਆਵਣ ਸੁਪਨੇ ਸਦਾ ਹੀ ਸੁਤਿਆਂ ਨੂੰ
ਪਰ ਸੁਪਨੇ ਤਾਂ ਉਹ ਨੇ ਅੜੀਏ ਜਿਹੜੇ ਸੌਣ ਨਹੀਂ ਦੇਂਦੇ

ਤਲਬ ਹੈ ਸੀਨੇ ਮੇਰੇ ਪਰ ਥੋੜ੍ਹੀ ਜਹੀ ਹੈਬਤ ਵੀ
ਛੂਕਣ ਬੁੱਲੇ ਹਿਜ਼ਰ ਦੇ ਕੋਈ ਦੀਪ ਜਗਾਉਣ ਨਹੀਂ ਦੇਂਦੇ

ਨਾਸਮਝ ਪੱਤਰ ਬਿਰਖਾਂ ਦੇ ਸੀ ਆਉਂਦਾ ਜਾਂਦਾ ਤੋੜਦਾ
ਗੁਨਾਹਾਂ ਦਾ ਇਹ ਭਾਰ ਸਿਰੋਂ ਹੁਣ ਲਾਹੁਣ ਨਹੀਂ ਦੇਂਦੇ

## ਬੇਦਿਲਾਂ ਦਾ ਸ਼ਹਿਰ

ਜੋਬਨ ਰੁੱਤੇ ਦਰਦ ਅਵੱਲੇ ਐਸੀ ਮਿਲੀ ਸਜ਼ਾ ਮੈਨੂੰ
ਕਿ ਉਹਦੇ ਇੰਤਜ਼ਾਰ ਨੇ ਦਿੱਤਾ ਪੱਥਰ ਬਣਾ ਮੈਨੂੰ

ਬੇਚੈਨੀਆਂ, ਗ਼ਮਗ਼ੀਨੀਆਂ, ਤਨਹਾਈਆਂ ਦਾ ਕਹਿਰ ਸੀ
ਖਾਲੀ ਹੱਥੀਂ ਮੁੜ ਗਈ ਸੀ ਲੈਣ ਆਈ ਕਜ਼ਾ ਮੈਨੂੰ

ਬੇਦਿਲਾਂ ਦਾ ਸ਼ਹਿਰ ਸੀ ਮੈਂ ਜਿਥੇ ਮੋਹ ਪਾ ਲਿਆ
ਤਾਹੀਓਂ ਵੱਟੇ ਵਫ਼ਾਵਾਂ ਦੇ ਸੀ ਮਿਲਦੀ ਰਹੀ ਜ਼ਫ਼ਾ ਮੈਨੂੰ

ਕੱਚੀ ਨੀਂਦੇ ਖ਼ੁਆਬ ’ਚ ਮੈਂ ਖੁਦ ਨੂੰ ਤੱਕਿਆ ਭਟਕਦੇ
ਆਖਰ ਮੇਰਿਆਂ ਗੀਤਾਂ ਨੇ ਹੀ ਦਿੱਤੀ ਸੀ ਪਨਾਹ ਮੈਨੂੰ

ਪੈਰਾਂ ’ਚ ਸੀ ਮਧੋਲਿਆ ਫੁੱਲਾਂ ਦੀ ਕੋਮਲ ਜਿੰਦ ਨੂੰ
ਅੰਦਰੋ ਅੰਦਰੀ ਖਾ ਗਏ ਮੇਰੇ ਹੀ ਗੁਨਾਹ ਮੈਨੂੰ

ਲੱਭਦਾ ਰਿਹਾ ਮੈਂ ਛਾਵਾਂ ਬਿਰਖਾਂ ਦੇ ਪੱਤਰ ਝਾੜ ਕੇ
ਮੇਰਾ ਹੀ ਪਰਛਾਵਾਂ ਓਦੋਂ ਰਿਹਾ ਸੀ ਡਰਾ ਮੈਨੂੰ

ਬਿਰਹੋਂ ਦੀ ਚਿਣਗ ਬਣਕੇ ਮੈਂ ਧੁਖਦਾ ਹਾਂ ਕਦੋਂ ਦਾ
ਹੈ ਕੋਈ ਮੇਰਾ ਆਪਣਾ ਜੋ ਦੇਵੇ ਹੁਣ ਬੁਝਾ ਮੈਨੂੰ

## ਦਿਲ ਤੇ ਸ਼ੀਸ਼ਾ

ਸੱਜਣ ਕਿਸੇ ਦਾ ਦੂਰ ਨਾ ਹੋਵੇ
ਵਾਂਗ ਸਾਡੇ ਮਜਬੂਰ ਨਾ ਹੋਵੇ


ਤਿੜਕੇ ਉਹ ਜਿਸ ਨੇ ਜੁੜ ਜਾਣਾ
ਦਿਲ ਤੇ ਸ਼ੀਸ਼ਾ ਚੂਰ ਨਾ ਹੋਵੇ

ਸਹਿਣੀਆਂ ਮੁਸ਼ਕਿਲ ਇਸ਼ਕ ਸਜਾਵਾਂ
ਕਿਸੇ ਤੋਂ ਇਹ ਕਸੂਰ ਨਾ ਹੋਵੇ

ਇਸ ਨਗਰੀ ਵਿਚ ਦਰਦ ਬੜੇ ਨੇ
ਐਵੇਂ ਕੋਈ ਮਸ਼ਹੂਰ ਨਾ ਹੋਵੇ

ਸਮੇਂ ਨਾਲ ਭਰ ਜਾਂਦੇ ਫੱਟ ਨੇ
ਪਰ ਕਿਧਰੇ ਨਾਸੂਰ ਨਾ ਹੋਵੇ

'ਅਮਨ ਚਾਹਲ' ਉਹ ਕਿੱਥੋਂ ਮਿਲਣਾ
ਜੋ ਕਿਸਮਤ ਨੂੰ ਮਨਜ਼ੂਰ ਨਾ ਹੋਵੇ



## ਚਾਰ ਕੁ ਸਾਹ


ਪੀੜ੍ਹਾਂ ਨੂੰ ਮੇਰੀ ਝੋਲੀ ਦੇ ਵਿਚ ਰਹਿਣ ਦਿਓ
ਹੰਝੂਆਂ ਨੂੰ ਵੀ ਅੱਖੀਆਂ ਵਿੱਚੋਂ ਵਹਿਣ ਦਿਓ

ਦੇ ਦਿਓ ਮੈਨੂੰ ਚਾਰ ਕੁ ਸਾਹ ਉਧਾਰੇ ਹੋਰ
ਉਹਦੀ ਬਿਰਹੋਂ ਦਾ ਨਜ਼ਾਰਾ ਤਾਂ ਹੁਣ ਲੈਣ ਦਿਓ

ਫੇਰ ਕਿਹੜਾ ਆਉਣਾ ਏਂ ਮੁੜਕੇ ਦੁਨੀਆਂ ਤੇ
ਘੜ੍ਹੀ ਆਸਾਂ ਦੀ ਚਿਖਾ ਦੇ ਨੇੜੇ ਬਹਿਣ ਦਿਓ

ਗ਼ਮਖਾਰ ਮੇਰੇ ਤਾਰੇ ਵੀ ਦਰਦ ਵੰਡਾਵਣਗੇ
ਸਬਰ ਕਰੋ ਥੋੜਾ ਜੇਹਾ ਰਾਤ ਵੀ ਪੈਣ ਦਿਓ

ਮੇਰੇ ਤਨ ਦਾ ਗਹਿਣਾ ਕਫ਼ਨ ਓਹਦੀਆਂ ਯਾਦਾਂ ਦਾ
ਬਸ ਪੱਲੇ 'ਚਾਹਲ' ਖ਼ਜ਼ਾਨਾ ਇਹੋ ਰਹਿਣ ਦਿਓ



## ਸੰਦਲੀ ਮਹਿਕਾਂ

ਯਾਦ ਤੇਰੀ ਦੀਆਂ ਸੰਦਲੀ ਮਹਿਕਾਂ ਮਨ ਮੇਰਾ ਮਹਿਕਾਵਣ
ਓਸੇ ਵੇਲੇ ਨੈਣ ਨਿਮਾਣੇ ਝੜੀ ਸਾਉਣ ਦੀ ਲਾਵਣ

ਬਿਰਹੋਂ ਆ ਦਿਲ ਦੇ ਦਰਵਾਜ਼ੇ ਅੜਿਆ ਦਸਤਕ ਦੇਵੇ
ਪੀੜ੍ਹਾਂ ਜਾਣ ਪਲਦੀਆਂ ਮੇਰੇ ਆਂਦਰਾਂ ਦੇ ਛਿੱਛੜੇ ਖ਼ਾਵਣ

ਆਸਾਂ ਦੇ ਪੰਖੇਰੂਆਂ ਨੂੰ ਪਾ ਚੋਗ ਮੈਂ ਆਹਰੇ ਲਾਵਾਂ
ਜਿਹੜੇ ਉਡੀਕਾਂ ਦੇ ਅੰਬਰ ਤੇ ਉੱਡਣਾ ਮੈਨੂੰ ਸਿਖਾਵਣ

ਗਿੱਲੀ ਲੱਕੜ ਵਾਂਗੂ ਮੇਰਾ ਧੁਖਦਾ ਰਹੇ ਸਰੀਰ
ਕਿੱਥੇ ਨੇ ਗ਼ਮਖਾਰ ਮੇਰੇ ਜੋ ਦਿਲਾਸੇ ਦੇ ਕੇ ਜਾਵਣ

ਫਿਰ ਵੀ ਚੰਗੇ ਲੱਗਦੇ ਮੈਨੂੰ ਯਾਦਾਂ ਦੇ ਇਹ ਸਿਰਨਾਵੇਂ
ਜਿਹੜੇ ਮੇਰੇ ਮਹਿਰਾਮ ਬਾਝੋਂ ਮੇਰਾ ਦਰਦ ਵੰਡਾਵਣ

ਪੀਆ ਨਾ ਕਰ 'ਅਮਨ ਚਾਹਲ' ਹਿਜ਼ਰਾਂ ਦੇ ਨਿਤ ਪਿਆਲੇ
ਇਸ਼ਕ ਝਨਾਂ ਵਿਚ ਰੁੜ੍ਹਿਆਂ ਦਾ ਇਹ ਮੂੰਹੋਂ ਹਸ਼ਰ ਸੁਣਾਵਣ

## ਸੱਜਣਾਂ ਦਾ ਸਿਰਨਾਵਾਂ

ਪੈਰੀਂ ਪਾ ਪੀੜ੍ਹਾਂ ਦੀ ਝਾਂਜਰ
ਫਿਰਦੀ ਰਹਾਂ ਮੈਂ ਝੱਲਿਆਂ ਵਾਂਗਰ
ਹਰ ਕੋਈ ਕਮਲੀ ਆਖ ਸਦੀਂਦਾ
ਮੈਂ ਜਿੱਧਰ ਵੀ ਜਾਵਾਂ
ਪੁੱਛਦੀ ਰਹਾਂ ਹਵਾਵਾਂ ਕੋਲੋਂ
ਸੱਜਣਾਂ ਦਾ ਸਿਰਨਾਵਾਂ

ਹਿਜ਼ਰ ਦੇ ਮਾਰੂਥਲ ਵਿਚ ਸੜਦੀ
ਦੀਦ ਤੇਰੀ ਲਈ ਪਲ ਪਲ ਮਰਦੀ
ਹੰਸ ਆਸਾਂ ਦਾ ਰਹੇ ਜਿਉਂਦਾ
ਹੰਝੂਆਂ ਦੇ ਚੋਗ ਚੁਗਾਵਾਂ
ਪੁੱਛਦੀ ਰਹਾਂ ਹਵਾਵਾਂ ਕੋਲੋਂ

ਬਿਰਹੇ ਦਾ ਮਾਰ ਕਲੇਜੇ ਤੀਰ
ਕਰ ਗਿਆ ਰੂਹੋਂ ਬਾਝ ਸਰੀਰ
ਸੀਨੇ ਜਖਮ ਬਥੇਰੇ ਗਹਿਰੇ
ਕੀਕਣ ਦਿਲ ਤੇ ਮਰਹਮ ਲਾਵਾਂ
ਪੁੱਛਦੀ ਰਹਾਂ ਹਵਾਵਾਂ ਕੋਲੋਂ

ਉਹ ਤਾਂ ਜੀਕਣ ਨੀਲਾ ਅੰਬਰ
ਮੈਂ ਹਾਂ ਜੀਕਣ ਧਰਤੀ ਬੰਜਰ
ਵੱਸ ਨਾ ਮੇਰੇ 'ਅਮਨ ਚਾਹਲ'
ਹੁਣ ਬਣ ਪੰਛੀ ਉੱਡ ਜਾਵਾਂ
ਪੁੱਛਦੀ ਰਹਾਂ ਹਵਾਵਾਂ ਕੋਲੋਂ

# ਚੱਲ ਨੀ ਜਿੰਦੇ


ਚੱਲ ਨੀ ਜਿੰਦੇ ਪੀੜ੍ਹ ਹੰਢਾਈਏ
ਉਮਰ ਦਾ ਰਹਿੰਦਾ ਪੰਧ ਮੁਕਾਈਏ
ਪੱਥਰ ਦੇ ਇੱਥੇ ਬੁੱਤ ਬਥੇਰੇ
ਦਿਲ ਦਾ ਕੀਕਣ ਦਰਦ ਸੁਣਾਈਏ

ਚਾਅ ਦਿਲ ਦੇ ਕਿਧਰੇ ਦਫ਼ਨਾ ਦੇ
ਆਸਾਂ ਦੇ ਗਲ ਫਾਹਾ ਪਾ ਦੇ
ਹੰਝੂਆਂ ਦਾ ਹੁਣ ਪਾਣੀ ਲਾ ਕੇ
ਹਿਜ਼ਰ ਦੀ ਵੇਲ ਨੂੰ ਹੋਰ ਵਧਾਈਏ

ਸੱਜਣ ਤਾਂ ਸੁਰਖ਼ ਸਵੇਰੇ ਵਰਗੇ
ਤੇਰੇ ਨੇ ਲੇਖ ਹਨੇਰੇ ਵਰਗੇ
ਜਾਂ ਯਾਦਾਂ ਦੀ ਧੂਣੀ ਸੇਕੀਏ
ਜਾਂ ਤਾਰਿਆਂ ਸੰਗ ਬਾਤਾਂ ਪਾਈਏ

ਚੀਲ ਵਸਲ ਦੀ ਨਿੱਤ ਆ ਬਹਿੰਦੀ
ਦਿਲ ਦੇ ਡੱਕਰੇ ਖਾ ਸਾਹ ਲੈਂਦੀ
ਮੇਰੀ ਥਾਲੀ ਤੇ ਟੁੱਕ ਬਿਰਹੇ ਦਾ
ਆ ਜਾ ਦੋਵੇਂ ਰਲ ਕੇ ਖਾਈਏ

ਚੱਲ ਨੀ ਜਿੰਦੇ ਪੀੜ ਹੰਢਾਈਏ



## ਅਹਿਸਾਸ–ਏ–ਇਸ਼ਕ

ਇਸ਼ਕ ਤੇਰੇ ਦਾ
ਅਹਿਸਾਸ ਕੁਝ ਏਦਾਂ
ਜਿਵੇਂ ਜੰਗਲਾਂ ’ਚੋ ਆਣ
ਮੇਰੇ ਸਾਹਾਂ ਵਿਚ ਘੁਲਗੀ
ਕਥੂਰੀ ਦਿਲਜਾਨੀਆਂ

ਜਿਵੇਂ ਤਾਰਿਆਂ ਦੇ ਪਿੰਡ
ਹੋਵੇ ਚੜ੍ਹਨੀ ਬਰਾਤ
ਖੜ੍ਹ ਜਾਣ ਮੁਰਗ਼ਾਬੀਆਂ
ਵੇ ਕੂਲਿਆਂ ਹੱਥਾਂ ’ਚ
ਫੜ੍ਹ ਸੁਰਮੇਦਾਨੀਆਂ

ਜਿਵੇਂ ਮਲ੍ਹਿਆਂ ਦੇ ਵਿਚੋਂ
ਕਿਸੇ ਅੱਕ ਦੇ ਬਰੂਟੇ ਉੱਤੋਂ
ਉੱਡੀ ਹੋਈ ਫੰਬੜੀ ਵੇ
ਪੌਣਾਂ ਨਾਲ ਹੱਸ ਹੱਸ
ਕਰਦੀ ਸ਼ੈਤਾਨੀਆਂ

ਜਿਓਂ ਤਖ਼ਤ ਹਜ਼ਾਰਿਓਂ
ਸਿਆਲ ਪਿੰਡ ਵੱਲ ਵੇ
ਜਾਂਦੀਆਂ ਰਾਹਾਂ ਤੇ
ਸੱਚੀਂ ਕੇਰ ਦਿੱਤੇ ਹੋਣ
ਚਿੱਟੇ ਫੁਲ ਖ਼ੁਰਮਾਨੀਆਂ

ਸ਼ਿੰਦੇ ਸ਼ਿੰਦੇ ਬਗਲੇ ਜਿਓਂ
ਤਾਜ਼ੀਆਂ ਸਿਆੜਾਂ ਉਤੇ
ਨਿੱਕੇ ਨਿੱਕੇ ਪੱਬਾਂ ਨਾਲ
ਮਿਣਦੇ ਹੁੰਦੇ ਨੇ
ਖੇਤਾਂ ਵਿਚ ਕਿਰਸਾਨੀਆਂ

ਸਰਗੀ ਦੇ ਵੇਲੇ ਜਿਵੇਂ
ਡੋਲ਼ਾ ਖਾਬਾਂ ਵਾਲਾ ਵੇ
ਲੈ ਜਾਂਦਿਆਂ ਕੁਹਾਰਾਂ ਉੱਤੇ
ਅੱਖੀਆਂ ਦਾ ਜੋੜਾ
ਕਰਦਾ ਈ ਨਿਗਰਾਨੀਆਂ

ਜਿਵੇਂ ਸਾਉਣ ਦੇ ਮਹੀਨੇ
ਪੈਲਾਂ ਪਾਉਂਦੇ ਮੋਰਾਂ ਉੱਤੇ
ਕਾਲੇ ਕਾਲੇ ਬਦਲਾਂ ਦੀ
ਕਿਣ ਮਿਣ ਕਿਣ ਮਿਣ
ਕਰੇ ਮਿਹਰਬਾਨੀਆਂ

ਜਿਓਂ ਚੰਨ ਦੀ ਪ੍ਰੀਤ ਵਿਚ
ਉਡਦੀ ਚਕੋਰ ਜਾਵੇ
ਚੀਰਦੀ ਹਨੇਰਿਆਂ ਨੂੰ
ਗਿਣਦੀ ਵੀ ਨਹੀਓਂ
ਕਦੇ ਲਾਭ ਹਾਨੀਆਂ

ਕੱਚਿਆਂ ਤੇ ਤਰਦੀ ਜਿਓਂ
ਸੋਹਣੀ ਵੇ ਝਨਾਂ ਵਿਚ
ਸਿਦਕੋਂ ਨਾ ਡੋਲੀ
ਮਹੀਵਾਲ ਨੂੰ ਪੁਕਾਰਦੀ
ਸੀ ਦੇ ਗੀ ਕੁਰਬਾਨੀਆਂ


# ਵਕਤ, ਪਿਆਰ ਤੇ ਵਫ਼ਾ

ਅੰਬਰਾਂ ਦੇ ਤਾਰਿਆਂ ਦੀ ਨਾ
ਸਾਨੂੰ ਲੋੜ ਸ਼ੁਦਾਈਆਂ ਨੂੰ
ਵਕਤ, ਪਿਆਰ ਤੇ ਵਫ਼ਾ ਦਵੀਂ
ਸੱਜਣਾ ਦਿਲ ਤੋਂ ਲਾਈਆਂ ਨੂੰ

ਪਲ ਵੀ ਜੇ ਵੇਹਲ ਮਿਲੇ ਨਾ
ਦੁੱਖ ਸੁੱਖ ਸਾਂਝਾ ਕਰਨੇ ਦੀ
ਦੱਸ ਮੈਂ ਕੀ ਅੱਗ ਲਾਉਣੀ ਆ
ਤੇਰੀਆਂ ਇਹਨਾਂ ਕਮਾਈਆਂ ਨੂੰ

ਤੇਰੇ ਉੱਤੇ ਮੈਂ ਆਸਾਂ ਰੱਖੀਆਂ
ਸਾਂਭੇਗਾ ਮੇਰੇ ਚਾਵਾਂ ਨੂੰ
ਵੇਖੀਂ ਪੱਲੇ ਪਾ ਨਾ ਜਾਵੀਂ
ਕਮਲੀ ਦੇ ਤਨਹਾਈਆਂ ਨੂੰ

ਹਰਿਆ ਭਰਿਆ ਰੱਖੀਂ ਅੜਿਆ
ਦਿਲ ਦੇ ਬਾਗ ਬਗੀਚੇ ਨੂੰ
ਨਾਲ ਰਹਿਣ 'ਚ ਪਿੱਛੇ ਛੱਡ ਦਈਂ
ਸੱਜਣਾਂ ਵੇ ਪਰਛਾਈਆਂ ਨੂੰ



# ਬਾਬਾ ਨਾਨਕ

ਮੈਂ ਸੁਣਿਆ ਵਿਚ ਤਲਵੰਡੀ ਦੇ
ਇੱਕ ਨੂਰ ਇਲਾਹੀ ਆਇਆ ਏ
ਉਹ ਵੀਰਾ ਬੇਬੇ ਨਾਨਕੀ ਦਾ
ਤੇ ਮਾਂ ਤ੍ਰਿਪਤਾ ਦਾ ਜਾਇਆ ਏ

ਨਾਮ ਜਪੋ ਤੇ ਵੰਡ ਛੱਕੋ
ਉਹ ਨਾਲ਼ੇ ਆਖੇ ਕਿਰਤ ਕਰੋ
ਉਹ ਤੇਰਾ ਤੇਰਾ ਤੋਲਦਾ ਏ
ਤੇ ਸਾਰਾ ਫਰਕ ਮਿਟਾਇਆ ਏ


ਨਾ ਹਿੰਦੂ ਨਾ ਕੋਈ ਮੁਸਲਮਾਨ
ਉਹਨੇ ਪਹਿਲਾ ਨਾਹਰਾ ਲਾਇਆ ਏ
ਉਹ ਪੀਰਾਂ ਦਾ ਹੈ ਪੀਰ ਬਾਬਾ
ਤੇ ਜਗਤ ਨੂੰ ਤਾਰਨ ਆਇਆ ਏ

ਉਸ ਨਾਲ ਲਿਆ ਮਰਦਾਨੇ ਨੂੰ
ਤੇ ਤੁਰਿਆ ਜਗਤ ਉਧਾਰਣ ਲਈ
ਠੱਗ ਚੋਰ ਵੀ ਸੱਜਣ ਬਣ ਗਏ ਨੇ
ਉਹਨੇ ਪੈਰ ਜਿਥੇ ਵੀ ਪਾਇਆ ਏ

ਉਹਦਾ ਛੱਡਿਆ ਰਾਹ ਹਨੇਰਿਆਂ ਨੇ
ਤੇ ਗਿਆਨ ਦਾ ਚਾਨਣ ਪਸਰ ਗਿਆ
ਉਹਦੀ ਬਾਣੀ ਮਾਖਿਓ ਮਿੱਠੀ ਏ
ਜਿਹਨੇ ਜੀਵਨ ਜਿਊਣ ਸਿਖਾਇਆ ਏ

ਇਹ ਪੌਣ ਪਾਣੀ ਤੇ ਚੰਨ ਤਾਰੇ
ਸਭ ਓਹਦੀ ਸੋਭਾ ਗਾਉਂਦੇ ਨੇ
ਸਾਥੋਂ ਚੰਗੇ ਰੁੱਖ ਪਸ਼ੂ ਪੰਛੀ
ਜਿਹਨਾਂ ਮੈਂ ਨੂੰ ਮਾਰ ਮੁਕਾਇਆ ਏ

ਮੇਰੇ ਅੰਦਰੋਂ ਹਉਮੈ ਮਰਦੀ ਨਾ
ਤੇ ਐਬ ਨਾ ਮੇਰੇ ਮੁੱਕਦੇ ਨੇ
ਬਸ ਫਸ ਕੇ ਵਿਚ ਵਿਕਾਰਾਂ ਦੇ
ਇਹ ਅਣਮੁੱਲਾ ਜਨਮ ਗਵਾਇਆ ਏ



## ਪ੍ਰੇਸ਼ਾਨੀਆਂ

ਆਈ ਜਦੋਂ ਦੀ ਜਵਾਨੀ ਪ੍ਰੇਸ਼ਾਨੀਆਂ ਬਥੇਰੀਆਂ
ਕੁਝ ਰੋਜ਼ਗਾਰ ਦੀਆਂ ਕੁਝ ਦਿਲਾ ਤੇਰੀਆਂ


ਪੈਰ-ਪੈਰ ਤੇ ਬਦਲਦੇ ਨੇ ਲੋਕ ਵੇਖੇ ਜੱਗ ਤੇ
ਆਪਣੇ ਹੀ ਕਰਦੇ ਨੇ ਵੇਖੇ ਹੇਰਾਫੇਰੀਆਂ

ਰੁੱਖਾਂ ਨੇ ਵੰਡਾਇਆ ਉਹਨਾਂ ਘੁੱਗੀਆਂ ਦਾ ਦੁਖੜਾ
ਆਲ੍ਹਣੇ ਉਡਾ ਲਏ ਸੀ ਜਿਨ੍ਹਾਂ ਦੇ ਹਨੇਰੀਆਂ

ਅੱਜ ਫੇਰ ਇੱਕ ਫੁੱਲ ਮੇਰੇ ਪੈਰਾਂ ਨੇ ਮਧੋਲਿਆ
ਚੁੱਕੀ ਫਿਰਾਂ ਸਿਰ ਤੇ ਗੁਨਾਹਾਂ ਦੀਆਂ ਢੇਰੀਆਂ

ਮੱਲੋ ਮੱਲੀ ਭਰ ਆਇਆ ਦਿਲ ਮੇਰਾ ਚੰਦਰਾ
ਜਦੋਂ ਗੱਲਾਂ ਓਹਦੀਆਂ ਹਵਾਵਾਂ ਨੇ ਸੀ ਛੇੜੀਆਂ

ਲਿਖਤਾਂ 'ਚ ਭਰ ਦੇਵੀਂ ਰੰਗ ਮੇਰੇ ਮਾਲਕਾ
ਕਦੇ ਤਾਂ ਹੋਵਣ ਗੱਲਾਂ ਸ਼ਾਇਰਾਂ 'ਚ ਮੇਰੀਆਂ



# ਨਾ ਜਾਇਓ ਹਾਣੀਓ

ਨਾ ਜਾਇਓ ਹਾਣੀਓ ਆਪਣਾ ਛੱਡ ਗਰਾਂ ਕਿਧਰੇ
ਵਿਚ ਪ੍ਰਦੇਸਾਂ ਨਜ਼ਰ ਨਾ ਆਵੇ ਮਾਂ ਕਿਧਰੇ

ਕੀ ਪਤਾ ਕਿ ਇੱਕ ਦਿਨ ਲੈ ਜੇ ਅਰਸ਼ਾਂ ਤੇ
ਕੁਦਰਤ ਨੇ ਜੋ ਹੁਨਰ ਦਿੱਤਾ ਅਜ਼ਮਾਂ ਕਿਧਰੇ


ਹੋਈਏ ਨਾ ਖ਼ੁਦਗਰਜ਼ ਨਾ ਬਹੁਤੇ ਨਾ-ਸ਼ੁਕਰੇ
ਕਿ ਧਰਤ ਦਾ ਦੇਵੇ ਚੱਪਾ ਸਾਨੂੰ ਥਾਂ ਕਿਧਰੇ

ਬਿਰਖ ਰਹੇ ਜੇ ਸਹਿੰਦੇ ਪੀੜ ਕੁਹਾੜਿਆਂ ਦੀ
ਜੇਠ ਦੁਪਹਿਰਾਂ ਵਿਚ ਨਾ ਲੱਭਣੀ ਛਾਂ ਕਿਧਰੇ

ਤਕਸੀਰ ਹੋਈ ਤੋਂ ਸਿੱਖੀਏ ਫੇਰ ਪਛਤਾਈਏ ਨਾ
ਕਿਸੇ ਕਿਹਾਂ ਨਾ ਰੁਕਿਆ ਕਦੇ ਸਮਾਂ ਕਿਧਰੇ

ਤੱਕ ਲੈਂਦੀਆਂ ਰੰਗਲੀ ਦੁਨੀਆਂ ਉਹ ਅਣਜੰਮੀਆਂ ਵੀ
ਨਿਰਦਈਆਂ ਨੂੰ ਜੇ ਲੈਂਦਾ ਕੋਈ ਮਨਾ ਕਿਧਰੇ

'ਚਾਹਲ' ਯਾਰਾਨੇ ਹਰਫ਼ਾਂ ਦੇ ਸੰਗ ਨਿਭ ਜਾਵਣ
ਸ਼ਾਇਦ ਅੰਬਰਾਂ ਤੇ ਲਿਖ ਦੇਵਣ ਤੇਰਾ ਨਾਂ ਕਿਧਰੇ



# ਜ਼ਿੰਦਗੀ ਦਾ ਕਾਫ਼ਲਾ

ਫੁੱਲ ਮੁਰਝਾ ਕੇ ਜਦੋਂ ਦਾ ਸੀ ਟਹਿਣੀ ਤੋਂ ਟੁੱਟ ਗਿਆ
ਹੌਲੀ-ਹੌਲੀ ਖੁਸ਼ਬੋਆਂ ਨਾਲੋਂ ਓਹਦਾ ਸਾਥ ਮੁਕ ਗਿਆ


ਉਮਰਾਂ ਦੇ ਰੇਗਿਸਤਾਨ 'ਚ ਉਠਿਆ ਤੂਫ਼ਾਨ ਪੀੜ੍ਹਾਂ ਦਾ
ਕਿ ਵੇਖਦੇ ਵੇਖਦੇ ਜ਼ਿੰਦਗੀ ਦਾ ਕਾਫ਼ਲਾ ਹੀ ਰੁਕ ਗਿਆ

ਰੋਂਦੀ ਰਹੀ ਚੱਕੋਰ ਰਾਤ ਭਰ ਤਾਰਿਆਂ ਦੀ ਜਾਤ ਨੂੰ
ਚੰਨ ਸੀ ਕਿ ਚੰਦਰਾ ਬੱਦਲਾਂ 'ਚ ਲੁਕ ਗਿਆ

ਕਰਦਾ ਸੀ ਮਾਣ ਉਹ ਸਫੈਦੇ ਵਾਂਗ ਉੱਚੇ ਕੱਦ ਦਾ
ਝੁੱਲੀ ਜਦ ਹਨੇਰੀ ਤਾਂ ਉਹ ਪੈਰਾਂ ਤਾਈਂ ਝੁਕ ਗਿਆ

ਬੁਝੀ ਨਾ ਪਿਆਸ ਇਹਨਾਂ ਬਿਰਹੋਂ ਦੇ ਬਰੂਟਿਆਂ ਦੀ
ਪਾ ਪਾ ਕੇ ਪਾਣੀ ਝਨਾਂ ਦੀਦਿਆਂ ਦਾ ਸੁੱਕ ਗਿਆ

ਘਿਰਿਆ ਇਸ਼ਕ ਵੇਖਿਆ ਜਫ਼ਾ ਦੀਆਂ ਘਟਾਵਾਂ 'ਚ
ਸ਼ਾਇਦ ਚਾਹਲ ਵਫ਼ਾਵਾਂ ਦਾ ਸਿਲਸਿਲਾ ਹੀ ਮੁੱਕ ਗਿਆ



# ਆਓ ਹਰਫ਼ੋ

ਆਓ ਹਰਫ਼ੋਂ ਸੋਚ ਮੇਰੀ ਨੂੰ ਅੱਜ ਕੋਈ ਰੂਪ ਰੰਗ ਦੇ ਦਿਓ
ਬਿੰਬਾਂ ਅਲੰਕਾਰਾਂ ਨਾਲ ਸਜ਼ਾ ਕੇ ਢੁੱਕਵਾਂ ਕੋਈ ਛੰਦ ਦੇ ਦਿਓ


ਸ਼ਬਦ ਬਣੋ ਪਹਿਲਾਂ ਫੇਰ ਸ਼ਬਦੋਂ ਵਾਕ ਬਣ ਜਾਇਓ
ਗ਼ਜ਼ਲ ਕਵਿਤਾ ਜਾਂ ਨਜ਼ਮ ਨੂੰ ਗੁਣ ਗੁਨਾਉਣ ਦਾ ਢੰਗ ਦੇ ਦਿਓ

ਸਾਰਿਆਂ ਦੇ ਮਨ ਭਾਵੇ ਰਚਨਾ ਐਸੀ ਲਿਖਤ ਬਣਾ ਦੇਵੋ
ਛੂਹ ਸਕੇ ਸਾਹਿਤ ਦੀਆਂ ਸਿਖ਼ਰਾਂ ਪਰਵਾਜ਼ ਲਈ ਖੰਭ ਦੇ ਦਿਓ

ਬਦਲ ਜਾਵੇ ਸਫਿਆਂ ਦੀ ਜ਼ਿੰਦਗੀ ਘੁੱਟ ਗਲਵਕੜੀ ਪਾ ਲਵੋ
ਜੁੜ ਜਾਵਾਂਗਾ ਸ਼ਾਇਰਾਂ ਵਿਚ ਮੈਂ ਹੌਂਸਲੇ ਤੁਸੀਂ ਬੁਲੰਦ ਦੇ ਦਿਓ

ਹਮਸਫ਼ਰ ਬਣ ਜਾਵੋ ਮੇਰੇ ਲੈ ਚਲੋ ਮੰਜ਼ਿਲ ਵੱਲ ਮੈਨੂੰ
ਅੱਧ ਵਿਚਾਲੇ ਛੱਡਿਓ ਨਾ ਬੇਸ਼ੱਕ ਲੰਮੇਰਾ ਪੰਧ ਦੇ ਦਿਓ

ਕਲਮ ਚਾਹਲ ਦੀ ਹਰ ਪਲ ਮੰਗਦੀ ਹਰਫ਼ਾਂ ਲਈ ਦੁਆਵਾਂ
ਖੁਦਾਇਆ! ਰਹਿਮਤ ਏਨੀ ਕਰਿਓ ਜਿਹੜਾ ਪੜ੍ਹੇ ਆਨੰਦ ਦੇ ਦਿਓ



## ਮੇਰੇ ਮੁਲਕ ਜਹੀ ਮਿਸਾਲ

ਪਤਝੜ ਪਿੱਛੋਂ ਬਿਰਖ ਸਜਾਏ ਬਹਾਰਾਂ ਆ ਕੇ
ਪੌਣਾਂ ਨੱਚੀਆਂ ਪੈਰਾਂ ਵਿਚ ਪਾਜੇਬਾਂ ਪਾ ਕੇ

ਸ਼ਗਨ ਮਨਾਉਂਦੇ ਵੇਖ਼ੇ ਸੀ ਮੈਂ ਫੁੱਲ ਗੁਲਾਬੀ
ਮਾਲੀ ਗਿਆ ਸੀ ਜਦੋ ਕਿਆਰੀ ਪਾਣੀ ਲਾ ਕੇ

ਔੜ੍ਹਾਂ ਮਾਰੀ ਧਰਤੀ ਤੇ ਜਦ ਕਿਣ ਮਿਣ ਹੋਈ
ਸ਼ੁਕਰ ਗਗਨ ਦਾ ਕੀਤਾ ਓਹਨੇ ਪਿਆਸ ਬੁਝਾ ਕੇ

ਪਿੱਪਲ ਓਹਨੇ ਲਾਇਆ ਮੈਂ ਸੀ ਲਾਈ ਟਾਹਲੀ
ਪੰਛੀਆਂ ਰਹਿਣ ਬਸੇਰਾ ਕੀਤਾ ਓਥੇ ਜਾ ਕੇ

ਲੱਦੀਆਂ ਚੋਟੀਆਂ ਨਾਲ ਬਰਫ ਦੇ ਬੋਲ ਪਈਆਂ
ਵੇਖੋ ਕੋਈ ਸ਼ਬਾਬ ਸਾਡਾ ਵੀ ਨੇੜੇ ਆ ਕੇ

ਮੇਰੇ ਮੁਲਖ ਜਹੀ ਮਿਸਾਲ ਨਾ ਹੋਰ ਕਿਤੇ ਵੀ
ਵੇਖ ਲਓ ਬੇਸ਼ੱਕ ਜ਼ਮਾਨਾ ਸਾਰਾ ਗਾਹ ਕੇ

# ਖੰਭ ਲਗਾ ਕੇ ਤਿਤਲੀ ਵਰਗੇ

ਕਵਿਤਾ ਇੱਕ ਨਿਢਾਲ ਪਈ ਹੈ
ਮੱਠੀ ਇਹਦੀ ਚਾਲ ਪਈ ਹੈ
ਕਰਦੀ ਕੋਈ ਸਵਾਲ ਪਈ ਹੈ
ਸ਼ਾਇਦ ਮੈਨੂੰ ਕਹਿੰਦੀ ਹੋਵੇ
ਮੇਰੇ ਵਿਚ ਕੋਈ ਰੰਗ ਭਰ ਦਿਓ
ਖੰਭ ਲਗਾ ਕੇ ਤਿਤਲੀ ਵਰਗੇ
ਮੈਨੂੰ ਉੱਡਣ ਜੋਗਾ ਕਰ ਦਿਓ

ਹੁਣ ਮੈਨੂੰ ਕੋਈ ਪੜ੍ਹਦਾ ਨਹੀਓਂ
ਮੱਥੇ ਤੇ ਚੰਨ ਧਰਦਾ ਨਹੀਓਂ
ਮੇਰਾ ਏਦਾਂ ਸਰਦਾ ਨਹੀਓਂ
ਰੋਸ਼ਨ ਵੇਹੜੇ ਹੋਣ ਤੁਹਾਡੇ
ਮੈਨੂੰ ਚਾਹੇ ਬਨੇਰੇ ਧਰ ਦਿਓ

ਦੇ ਦਿਓ ਮੈਨੂੰ ਕੋਈ ਅਸੀਸਾਂ
ਮੁੱਕਣ ਮੇਰੇ ਤਨ ਦੀਆਂ ਚੀਸਾਂ
ਸਾਰੇ ਕਰਨ ਮੇਰੀਆਂ ਰੀਸਾਂ
ਲੱਭੋ ਮੇਰਾ ਕੋਈ ਟਿਕਾਣਾ
ਸੂਝਵਾਨ ਪਾਠਕ ਦਾ ਘਰ ਦਿਓ

ਸ਼ਾਇਦ ਮੇਰੇ ਚੋ ਮੁੱਕੀ ਰਵਾਨੀ
ਢਲਦੀ ਮੇਰੀ ਜਾਵੇ ਜਵਾਨੀ
ਕਵੀਓ ਕਰ ਦਿਓ ਮੇਹਰਬਾਨੀ
ਮੁੱਕੇ ਸਾਹਾਂ ਵਾਲੀ ਉਲਝਣ
ਮੈਨੂੰ ਅਮਰ ਹੋਣ ਦਾ ਵਰ ਦਿਓ
ਖੰਭ ਲਗਾ ਕੇ ਤਿਤਲੀ ਵਰਗੇ
ਮੈਨੂੰ ਉੱਡਣ ਜੋਗਾ ਕਰ ਦਿਓ।

# ਕੁੱਲੀਆਂ ਢਾਰੇ ਨਾ ਭੁੱਲੀਂ


ਮਹਿਲਾਂ ਬਾਰੇ ਲਿਖੀਂ ਪਰ ਕੁੱਲੀਆਂ ਢਾਰੇ ਨਾ ਭੁੱਲੀਂ
ਕਿਰਤੀਆਂ ਦੇ ਹਾਕਮਾਂ ਨੇ ਕਿੰਨੇ ਹੱਕ ਮਾਰੇ ਨਾ ਭੁੱਲੀਂ

ਜਿੱਤ ਦਾ ਜਸ਼ਨ ਮਨਾਉਣਾ ਏਂ ਤਾਂ ਮਰਜੀ ਏ ਤੇਰੀ
ਪਰ ਕਿਸ ਮੋੜ ਤੇ ਕਿਹੜੀ ਬਾਜ਼ੀ ਹਾਰੇ ਨਾ ਭੁੱਲੀਂ

ਸ਼ੌਂਕ ਪੁਗਾ ਲਵੀਂ ਸਾਰੇ ਆਪਣੇ ਪੈਰਾਂ ਤੇ ਖੜ੍ਹ ਕੇ
ਪਰ ਬੇਬੇ ਬਾਪੂ ਨੇ ਕਿਦਾਂ ਦਿਨ ਗੁਜ਼ਾਰੇ ਨਾ ਭੁੱਲੀਂ

ਹੀਰ ਦੀ ਸਿਫਤ ਲਿਖਦੇ ਹੋਵੇ ਜ਼ਿਕਰ ਸਿਆਲਾਂ ਦਾ
ਰਾਂਝਾ ਚਾਕ ਨਾ ਭੁੱਲੀਂ ਤੂੰ ਤਖ਼ਤ ਹਜ਼ਾਰੇ ਨਾ ਭੁੱਲੀਂ

ਮੰਜ਼ਿਲ ਪਾਉਣ ਲਈ ਬੜੀ ਮੁਸ਼ਕਤ ਕਰਨੀ ਪੈਂਦੀ ਏ
ਹਿੰਮਤ, ਮੇਹਨਤ, ਲਗਨ, ਸਿਦਕ ਇਹ ਚਾਰੇ ਨਾ ਭੁੱਲੀਂ



# ਇਨਕਲਾਬ ਵੇਖਣਾ ਏ

ਆਪਣੇ ਪੁਰਖਾਂ ਦੇ ਵੇਲੇ ਦਾ ਮੈਂ ਪੰਜਾਬ ਵੇਖਣਾ ਏ
ਸਤਲੁਜ ਨਾਲ ਗੱਲਾਂ ਕਰਦਾ ਮੈਂ ਚਨਾਬ ਵੇਖਣਾ ਏ


ਵੇਖਣਾ ਚਾਹੁੰਦਾ ਹਾਂ ਸਰਹੱਦੋਂ ਪਾਰ ਲਹੂ ਦੇ ਰੰਗ ਨੂੰ
ਦੋਵਾਂ ’ਚ ਕਿੰਨਾ ਕੁ ਫਰਕ ਹੈ ਜਨਾਬ ਵੇਖਣਾ ਏ

ਪੰਛੀ ਸੋਗ ਮਨਾ ਰਹੇ ਨੇ ਬਿਰਖਾਂ ਦੇ ਵੱਢੇ ਜਾਣ ਤੇ
ਛਾਵਾਂ ਲਈ ਤਰਸਦਾ ਰਾਹੀਆਂ ਦਾ ਸੈਲਾਬ ਵੇਖਣਾ ਏ

ਹੱਕ ਲੁਟਾ ਕੇ ਸਸਤੇ ’ਚ ਮੈਂ ਬਹੁਤੇ ਲੋਕ ਨੇ ਖੁਸ਼ ਵੇਖੇ
ਮਰੀਆਂ ਜ਼ਮੀਰਾਂ ਨਹੀਂ, ਜਿਉਂਦਾ ਇਨਕਲਾਬ ਵੇਖਣਾ ਏ

ਜਿੰਨਾ ਹੱਥਾਂ ਵਿਚ ਨਸ਼ੇ ਤੇ ਮਾਰੂ ਹਥਿਆਰ ਨੇ ਦਿਸਦੇ
ਓਹਨਾ ਹੱਥਾਂ ਵਿਚ ਕਲਮ ਤੇ ਕਿਤਾਬ ਵੇਖਣਾ ਏ

ਮਿਹਨਤਾਂ ਨਾਲ ਬਦਲਾਂਗਾ ਮੈਂ ਆਉਣ ਵਾਲੀ ਸਵੇਰ ਨੂੰ
‘ਅਮਨ ਚਾਹਲ’ ਹਰ ਅੱਖ ਵਿਚ ਉਹ ਖੁਵਾਬ ਵੇਖਣਾ ਏ



## ਖ਼ੁਦਾ ਬਣਿਆ


ਕਦੇ ਨਦੀ ਤੇ ਕਦੇ ਉਹ ਦਰਿਆ ਬਣਿਆ
ਪਿਓ ਬੱਚਿਆਂ ਲਈ ਸਦਾ ਹੀ ਖ਼ੁਦਾ ਬਣਿਆ

ਓਹਦੇ ਕੋਲ ਦੌਲਤ ਨਹੀਂ ਪਰ ਔਲਾਦ ਨੇਕ ਹੈ
ਐਵੇਂ ਨਹੀਂ ਫਿਰਦਾ ਉਹ ਬਾਦਸ਼ਾਹ ਬਣਿਆ

ਮੇਰੇ ਚੰਨ ਤੋਂ ਓਸ ਚੰਨ ਨੇ ਕਿੰਨੀ ਘਿਰਣਾ ਕੀਤੀ
ਕੱਲਾ ਕੱਲਾ ਤਾਰਾ ਸੀ ਓਹਦਾ ਗਵਾਹ ਬਣਿਆ

ਸੱਜੇ ਖੱਬੇ ਰੰਗ ਬਰੰਗੇ ਫੁੱਲ ਮਹਿਕ ਰਹੇ ਨੇ
ਮੇਰੇ ਦਿਲ ਤੋਂ ਤੇਰੇ ਦਿਲ ਨੂੰ ਜਿਹੜਾ ਰਾਹ ਬਣਿਆ

ਮੇਰੀ ਕਲਮ ਨੂੰ ਔੜੀ ਜਦ ਵੀ ਗ਼ਜ਼ਲ ਕੋਈ
ਮੇਰਾ ਜਿਸਮ ਓਹਦੇ ਲਈ ਝੱਟ ਸਫ਼ਾ ਬਣਿਆ



## ਆਂਦਰਾਂ ਦੇ ਕਿੱਸੇ

ਭੁੱਖਾਂ ਬਾਝੋਂ ਵਿਲਕਦੀਆਂ ਕਈ ਆਂਦਰਾਂ ਦੇ ਕਿੱਸੇ ਨੇ
ਨੇਤਾਵਾਂ ਕੋਲ ਤਾਂ ਬਸ ਮਸਜਿਦਾਂ, ਮੰਦਰਾਂ ਦੇ ਕਿੱਸੇ ਨੇ

ਦਿਨ ਦਿਹਾੜੇ ਬਿਰਖ ਉਜਾੜੇ, ਛਾਵਾਂ ਕਤਲ ਹੋਈਆਂ
ਪਰਿੰਦਿਆਂ ਦੀ ਡਾਰ ਕੋਲ ਕੁਝ ਇਸਤਰਾਂ ਦੇ ਕਿੱਸੇ ਨੇ

ਉੱਡਣਾ ਚਾਹੁੰਦੀਆਂ ਸੀ ਪਰ ਜੰਜੀਰਾਂ ਨੇ ਜਕੜ ਲਈਆਂ
ਕੁੜੀਆਂ ਚਿੜੀਆਂ ਦੇ ਕੁਤਰੇ ਗਏ ਪਰਾਂ ਦੇ ਕਿੱਸੇ ਨੇ

ਕਰਨ ਕਮਾਈਆਂ ਗਏ ਪਰਦੇਸ ਤੇ ਮੁੜਕੇ ਪਰਤੇ ਨਾ
ਉਡੀਕਾਂ ਵਿੱਚ ਸੁਨਸਾਨ ਪਏ ਕਈ ਘਰਾਂ ਦੇ ਕਿੱਸੇ ਨੇ

ਤੱਤੀ ਤਵੀ ਤੇ ਤੱਤਾ ਰੇਤਾ ਠੰਡਾ ਬੁਰਜ ਸੀ ਅੰਤਾਂ ਦਾ
ਉਹ ਜੂਨ ਦੀਆਂ ਗੱਲਾਂ ਨੇ ਉਹ ਦਿਸੰਬਰਾਂ ਦੇ ਕਿੱਸੇ ਨੇ

## ਤੇਰੇ ਵਾਂਗ ਮੁਹੱਬਤ

ਤੇਰੇ ਵਾਂਗ ਮੁਹੱਬਤ ਹੋ ਗਈ ਜਾਮ ਦੇ ਨਾਲ
ਗ਼ਜ਼ਲਾਂ, ਨਜ਼ਮਾਂ, ਕਵਿਤਾਵਾਂ ਤਮਾਮ ਦੇ ਨਾਲ


ਖੌਰੇ ਕਦੋਂ ਸ਼ਾਇਰੀ ਆਈ ਪਤਾ ਨਹੀਂ ਲੱਗਾ
ਖ਼ਲਕਤ ਝੂਮ ਉੱਠਦੀ ਹੈ ਇੱਕੋ ਕਲਾਮ ਦੇ ਨਾਲ

ਸੂਰਜ ਵਾਂਗੂ ਬਲ ਪੈਨਾ ਹਾਂ ਪਹੁ ਫੁੱਟਦੇ ਹੀ
ਪਰ ਢਲਦਾ ਨਹੀਂ ਢਲਦੀ ਹੋਈ ਸ਼ਾਮ ਦੇ ਨਾਲ

ਚੜ੍ਹੇ ਦਿਨ ਜਿਸ ਸ਼ਹਿਰ ਰੁੱਖਾਂ ਦੇ ਕਤਲ ਹੋਏ
ਛਾਵਾਂ ਗਿਲਾ ਰੱਖਿਆ ਓਥੋਂ ਦੇ ਅਵਾਮ ਦੇ ਨਾਲ

ਬੁੱਲਾਂ ਤੇ ਨਾਰੰਗੀ ਹਾਸੇ ਆ ਨੱਚਣ ਲਗਦੇ ਨੇ
ਮਨ ਮਹਿਕ ਉੱਠਦਾ ਤੇਰੇ ਇੱਕ ਸਲਾਮ ਦੇ ਨਾਲ

ਬੜਾ ਤਪਿਆ ਹਾਂ ਅਗਨ 'ਚ ਕੁੰਦਨ ਹੋਣ ਖਾਤਿਰ
ਤੇਰੀਆਂ ਜ਼ੁਲਫ਼ਾਂ ਛਾਵੇਂ ਬਹਿਣਾ ਹੁਣ ਅਰਾਮ ਦੇ ਨਾਲ



## ਜ਼ੁਲਫ਼ਾਂ ਦੇ ਛੱਲੇ

ਆ ਮੈਂ ਖੁਸ਼ਬੋਆਂ ਤੇਰੇ ਬੰਨ੍ਹ ਦੇਵਾਂ ਪੱਲੇ
ਲਿਖਾਉਂਦੇ ਨੇ ਸ਼ੇਅਰ ਤੇਰੇ ਜ਼ੁਲਫ਼ਾਂ ਦੇ ਛੱਲੇ


ਰੂਹ ਨੂੰ ਨਾ ਚੈਨ ਨਾ ਅੱਖੀਆਂ ਨੂੰ ਨੀਂਦਰ
ਦਿਲ ਨੂੰ ਕੀ ਕਰ ਦਿੱਤਾ ਪਹਿਲੇ ਤੂੰ ਹੱਲੇ

ਪਹਿਲਾਂ ਨਾਲੋਂ ਹੋਰ ਹੁਣ ਮਹਿਕਣ ਨੇ ਲੱਗੇ
ਆਹ ਜੋ ਗੁਲਾਬ ਤੂੰ ਮੇਰੇ ਲਈ ਸੀ ਘੱਲੇ

ਕਤਰਾ ਸੀ ਪਹਿਲਾਂ ਤੇ ਹੁਣ ਹਾਂ ਸਮੁੰਦਰ
ਮੇਰੇ ਵੇਹੜੇ ਤੇਰੇ ਪੈਰ ਕੀ ਪਏ ਨੇ ਸਵੱਲੇ

ਮੁਹੱਬਤਾਂ ਦੇ ਗਾਉਂਦੇ ਨੇ ਗੀਤ ਇਹ ਪਰਿੰਦੇ
ਤੇ ਨੱਚਦੀਆਂ ਨੇ ਪੌਣਾਂ ਆ ਮੇਰੇ ਮੁਹੱਲੇ

ਗ਼ਮਾਂ ਨੂੰ ਵਿਦਾਈ ਤੇ ਹਾਸਿਆਂ ਦੀ ਆਮਦ
ਜਦੋਂ ਦੇ ਸੱਜਣ ਜੀ ਤੁਸੀਂ ਨਾਲ ਨਾਲ ਚੱਲੇ



## ਮੈਂ ਤਾਂ ਗਈ ਸਾਂ ਵੇ


ਮੈਂ ਤਾਂ ਗਈ ਸਾਂ ਵੇ
ਛਾਵਾਂ ਦੇ ਦੇਸ਼ ਨੂੰ
ਜਿੱਥੇ ਪੈਂਦੀ ਬਿਰਖਾਂ ਦੀ ਕਦਰ ਵੇ
ਸਾਡੀਆਂ ਹੀ ਅਕਲਾਂ ਨੂੰ
ਲੱਗ ਗਿਆ ਜੰਗ ਜਾਪੇ
ਢਾਈ ਜਾਂਦੇ ਰੱਜ ਕੇ ਜਬਰ ਵੇ

ਮੈਂ ਤਾਂ ਗਈ ਸਾਂ ਵੇ
ਹਵਾਵਾਂ ਦੀ ਨਗਰੀ 'ਚ
ਜਿੱਥੇ ਮਹਿਕਾਂ ਚੰਦਨ ਦੇ ਰੰਗੀਆਂ
ਸਾਡੇ ਇੱਥੇ ਪਾਲੇ ਲੋਕਾਂ
ਸੱਪ ਜ਼ਹਿਰੀਲੇ ਬੜੇ
ਮਿੱਠੀਆਂ ਨੇ ਪੌਣਾਂ ਜਿਹਨਾਂ ਡੰਗੀਆਂ

ਮੈਂ ਤਾਂ ਗਈ ਸਾਂ ਵੇ
ਪਰੀਆਂ ਦੇ ਪਿੰਡ ਨੂੰ
ਜਿੱਥੇ ਹੁੰਦਾ ਕੰਜਕਾਂ ਦਾ ਮਾਣ ਵੇ
ਸਾਡੇ ਇੱਥੇ ਲੋਕ ਬਹੁਤੇ
ਮਰੀਆਂ ਜ਼ਮੀਰਾਂ ਵਾਲੇ
ਕੁੱਖਾਂ ਵਿਚ ਕਤਲ ਕਰਾਣ ਵੇ

ਮੈਂ ਤਾਂ ਗਈ ਸਾਂ ਵੇ
ਗੋਰਿਆਂ ਦੇ ਵਤਨਾਂ ਨੂੰ
ਜਿਹੜੇ ਮਾਂ-ਬੋਲੀ ਨੂੰ ਨਹੀਂ ਭੰਡਦੇ
ਸਾਡੇ ਬਹੁਤੇ ਪੜ੍ਹੇ ਲਿਖੇ
ਭੁੱਲ ਕੇ ਪਿਛੋਕੜਾਂ ਨੂੰ
ਵਿਰਸੇ ਨੂੰ ਸੂਲੀ ਉੱਤੇ ਟੰਗਦੇ

ਮੈਂ ਤਾਂ ਕਮਲੀ ਨੇ ਕਈ
ਟਿੱਬਿਆਂ ਦੀ ਖ਼ਾਕ ਛਾਣੀ
ਤਰਸਦੇ ਲੋਕ ਜਿੱਥੇ ਪਾਣੀ ਨੂੰ
ਅਸੀਂ ਹੀ ਵਿਚਾਰਿਆ ਨਾ
ਕੀ ਸਮਝਾਇਆ ਉਹਨਾਂ
ਪੜ੍ਹਿਆ ਬਥੇਰਾ ਗੁਰਬਾਣੀ ਨੂੰ



# ਤੂੰ ਤੇ ਮੈਂ

ਦਿਲ ਦੀਆਂ ਦਿਲ ਵਿੱਚ ਨਾ ਲੁਕਾਈਏ ਤੂੰ ਤੇ ਮੈਂ
ਇੱਕ ਦੂਜੇ ਨੂੰ ਆ ਖੋਲ ਸੁਣਾਈਏ ਤੂੰ ਤੇ ਮੈਂ


ਖਾ ਕੇ ਠੇਡਾ ਦੋਹਾਂ 'ਚੋਂ ਕੋਈ ਅੱਧ 'ਚ ਰਹਿ ਜੇ ਨਾ
ਰਾਹਾਂ ਦੇ ਵਿੱਚ ਦੀਪ ਜਗਾਈਏ ਤੂੰ ਤੇ ਮੈਂ

ਦੋ ਕੁ ਪਲਾਂ ਦੀ ਜਿੰਦੜੀ ਖੌਰੇ ਕਦ ਮੁੱਕ ਜਾਣੀ ਏਂ
ਰੋਸਿਆਂ ਵਿੱਚ ਨਾ ਸਮਾਂ ਗਵਾਈਏ ਤੂੰ ਤੇ ਮੈਂ

ਤੇਰੇ ਮੱਥੇ ਚੰਨ ਮੈਂ ਧਰਾਂ ਤੂੰ ਮੇਰੇ ਧਰਦੇ ਤਾਰੇ
ਆ ਅੰਬਰ ਨੂੰ ਛੂਹ ਕੇ ਆਈਏ ਤੂੰ ਤੇ ਮੈਂ

ਬਥੇਰੇ ਬਿਰਖ ਉਗਾਏ ਨੇ ਆ ਛਾਵਾਂ ਮਾਣੀਏ
ਧੁੱਪਾਂ ਵਿੱਚ ਨਾ ਜਿਸਮ ਤਪਾਈਏ ਤੂੰ ਤੇ ਮੈਂ

ਖ਼ੁਦਾ ਨੇ ਲਿਖਣਾ ਏ ਗੀਤ ਸਾਡੀ ਮੁਹੱਬਤ ਦਾ
ਆ ਸਫ਼ਿਆਂ ਵਾਂਗੂ ਜ਼ਿੰਦਗੀ ਵਿਛਾਈਏ ਤੂੰ ਤੇ ਮੈਂ



## ਸਾਡਾ ਰਿਸ਼ਤਾ


ਸਭ ਕਹਿੰਦੇ ਨੇ ਸਾਡਾ ਰਿਸ਼ਤਾ ਠੀਕ ਬਣ ਗਿਆ
ਤੂੰ ਮੇਰੇ ਤੇ ਮੈਂ ਤੇਰੇ ਦੁਖਾਂ 'ਚ ਸ਼ਰੀਕ ਬਣ ਗਿਆ

ਤੈਨੂੰ ਵੀ ਸ਼ਊਰ ਆ ਗਈ ਮੇਰੀਆਂ ਪੀੜ੍ਹਾਂ ਦੀ
ਮੈਂ ਵੀ ਤੇਰੇ ਅੱਲੇ ਜ਼ਖ਼ਮਾਂ ਦੀ ਚੀਕ ਬਣ ਗਿਆ

ਮੈਂ ਵੀ ਸਿੱਖ ਲਿਆ ਪੜ੍ਹਨਾ ਤੇਰੀਆਂ ਅੱਖਾਂ ਨੂੰ
ਤੇਰੇ ਕਦਮਾਂ ਨੂੰ ਰਾਹ ਮੇਰੇ ਦਿਲ ਤੀਕ ਬਣ ਗਿਆ

ਬਿਰਖਾਂ ਕਦੋਂ ਕਿਸੇ ਨੂੰ ਛਾਵੇਂ ਬਹਿਣੋ ਵਰਜਿਆ
ਭਾਵੇਂ ਕੋਈ ਰਕੀਬ ਤੇ ਭਾਵੇਂ ਰਫ਼ੀਕ ਬਣ ਗਿਆ

ਫਤਹਿ ਕਰਾਂਗਾ ਮੰਜਿਲ ਤੁਰਿਆ ਹਾਂ ਧਾਰ ਕੇ
ਤੇਰਾ ਮੇਰੇ ਤੇ ਯਕੀਨ ਹੀ ਮੇਰੀ ਤੌਫ਼ੀਕ ਬਣ ਗਿਆ



# ਪਿਆਰ ਦੀ ਭਾਲ ਵਿੱਚ

ਸੱਸੀ ਲੱਭਦੀ ਰਹੀ ਪੈੜਾਂ ਆਪਣੇ ਪਿਆਰ ਦੀ ਭਾਲ ਵਿੱਚ
ਅਸਾਂ ਰਾਹਾਂ ਦੀ ਖ਼ਾਕ ਛਾਣੀ ਏਂ ਰੁਜ਼ਗਾਰ ਦੀ ਭਾਲ ਵਿੱਚ


ਨਜ਼ਰ ਆਈ ਕੰਢਣੀਂ ਤੇ ਸਾਥੀਆਂ ਤੋਂ ਫ਼ਿਰਾਕ ਹੋਇਆ
ਡਾਲੀ ਤੋਂ ਡਾਲੀ ਬਦਲੀ ਪੰਖੇਰੂਆਂ ਡਾਰ ਦੀ ਭਾਲ ਵਿੱਚ

ਜ਼ਿਬਾ ਕਰਦਾ ਰਿਹਾ ਫੁੱਲ ਉਹ ਕਮਲਾ ਵੀ ਜਾਣ ਬੁੱਝ ਕੇ
ਅੱਜ ਤੁਰ ਪਿਆ ਘਰੋਂ ਕਿਸੇ ਗੁਲਜ਼ਾਰ ਦੀ ਭਾਲ ਵਿੱਚ

ਤੜਕ ਸਵੇਰ ਦੀ ਚਾਹ ਨਾ ਓਹਦੇ ਗਲ ਵਿੱਚ ਉਤਰੇ
ਬਜ਼ਾਰ ਖੁਲਦਾ, ਉਹ ਚੱਲ ਪੈਂਦਾ ਅਖ਼ਬਾਰ ਦੀ ਭਾਲ ਵਿੱਚ

ਸ਼ਊਰ ਲੋਕਾਂ ਨੂੰ ਆਈ ਨਾ ਲਹੂ ਦਾ ਰੰਗ ਵੇਖ ਕੇ
ਵੇਖ ਗ਼ੈਰਧਰਮੀ ਮੁਹੱਲੇ 'ਚ ਰਹਿਣ ਤਲਵਾਰ ਦੀ ਭਾਲ ਵਿੱਚ

ਲਫ਼ਜ਼ਾਂ ਦਾ ਸਾਥ ਰਿਹਾ ਤਾਂ ਮੁਲਾਕਾਤ ਸਾਡੀ ਪੱਕੀ ਏ
ਮੈਂ ਗ਼ਜ਼ਲਾਂ ਬਣ ਘੁੰਮਦਾ ਹਾਂ ਤੇਰੇ ਦੀਦਾਰ ਦੀ ਭਾਲ ਵਿੱਚ



## ਚੰਨ ਦੀਆਂ ਰਿਸ਼ਮਾਂ

ਉਹ ਜਦੋਂ ਵੀ ਕੋਈ ਮਿੱਠਾ ਸੁਰ ਹੈ ਲਾ ਲੈਂਦਾ
ਅਕਾਸ਼, ਧਰਤੀ ਦੋਹਾਂ ਨੂੰ ਹੀ ਕੋਲ ਬਿਠਾ ਲੈਂਦਾ

ਬੜੀ ਕਸ਼ਿਸ਼ ਹੈ ਓਹਦੇ ਜਜ਼ਬਾਤਾਂ ਵਿੱਚ ਯਾਰੋ
ਕਾਇਨਾਤ ਦਾ ਜ਼ਰਾ ਜ਼ਰਾ ਓਹਦਾ ਮਜਾ ਲੈਂਦਾ

ਹਰਫ਼ਾਂ ਨਾਲ ਹੈ ਓਹਦਾ ਗੂੜ੍ਹਾ ਸਾਕ ਕੋਈ
ਕਲਮ ਕੋਲੋਂ ਉਹ ਜੋ ਵੀ ਚਾਹੁੰਦਾ ਲਿਖਾ ਲੈਂਦਾ

ਰੁਮਕਦੀ ਪੌਣ ਵੀ ਬਣ ਜਾਂਦੀ ਦੀਵਾਨੀ ਓਹਦੀ
ਦਿਲ ਦੇ ਵੇਹੜੇ ਮੁਹੱਬਤ ਦਾ ਦੀਪ ਜਗਾ ਲੈਂਦਾ

ਓਹਦੇ ਮੱਥੇ ਤੋਂ ਖਿੰਡਦੀਆਂ ਨੇ ਚੰਨ ਦੀਆਂ ਰਿਸ਼ਮਾਂ
ਜਦ ਪੁੰਨਿਆਂ ਦੀ ਰਾਤ ਨੂੰ ਗੀਤਾਂ ਚ ਸਜਾ ਲੈਂਦਾ

ਓਹਦੀ ਗ਼ਜ਼ਲ ਨੇ ਚਾਹਿਆ ਜਦੋਂ ਵੀ ਪੈਰ ਪੁੱਟਣਾ
ਤੇ ਵਰਕਿਆਂ ਵਾਂਗੂ ਆਪਣਾ ਜਿਸਮ ਵਿਛਾ ਲੈਂਦਾ

ਖੇਰੂੰ-ਖੇਰੂੰ ਹੋ ਜਾਂਦਾ ਸੀ ਓਹਦੇ ਚੇਹਰੇ ਦਾ ਨੂਰ
ਬੇਸਮਝ ਕੋਈ ਜਦੋਂ ਫੁੱਲ ਟਹਿਣੀ ਤੋਂ ਲਾਹ ਲੈਂਦਾ

# ਹੱਕਾਂ ਦੇ ਲਈ ਲੜਨਾ ਪੈਂਦਾ

ਜ਼ੁਲਮ ਦਾ ਟਾਕਰਾ ਕਰਨਾ ਪੈਂਦਾ
ਹੱਕਾਂ ਦੇ ਲਈ ਲੜਨਾ ਪੈਂਦਾ

ਬੁੱਲੀਆਂ ਤੇ ਨਹੀਂ ਜਿੰਦਰੇ ਲਗਦੇ
ਸੱਚ ਦੇ ਨਾਲ ਤਾਂ ਖੜ੍ਹਨਾ ਪੈਂਦਾ


ਇਸ਼ਕ ਕਮਾਉਣਾ ਕਿਹੜਾ ਸੌਖਾ
ਕਚਿਆਂ ਉਤੇ ਤਰਨਾ ਪੈਂਦਾ

ਚਾਨਣ ਵੰਡਣਾ ਕਠਿਨ ਬਥੇਰਾ
ਆਪਣੀ ਲੋਅ ਵਿਚ ਸੜਨਾ ਪੈਂਦਾ

ਤਪਦੇ ਹਿਰਦੇ ਠਾਰਨ ਖਾਤਿਰ
ਬੱਦਲ ਬਣਕੇ ਵਰ੍ਹਨਾ ਪੈਂਦਾ

ਉੱਚੇ ਪਰਬਤ ਵੇਖ ਮੁੜੀ ਨਾ
ਕਰਕੇ ਹਿੰਮਤਾਂ ਚੜ੍ਹਨਾ ਪੈਂਦਾ

'ਚੀ ਗਵੇਰਾ' ਬਣਨ ਲਈ ਬੰਦਿਆ
ਅੰਗਿਆਰਾਂ ਤੇ ਪੱਬ ਧਰਨਾ ਪੈਂਦਾ



## ਤੇਰਾ ਪਤਾ ਨਈਂ

ਮੈਂ ਤਾਂ ਦੱਬਦਾ ਤੇਰੀ ਪੈੜ, ਤੇਰਾ ਪਤਾ ਨਈਂ
ਪਿੰਡ ਤੋਂ ਚਲ ਕੇ ਤੇਰੇ ਸ਼ਹਿਰ, ਤੇਰਾ ਪਤਾ ਨਈਂ

ਦਿਨੇ ਚੈਨ ਨਾ ਆਵੇ ਰਾਤੀਂ ਗਿਣਦਾ ਤਾਰੇ
ਇਸ਼ਕ ਦੀ ਉੱਠੀ ਸੀਨੇ ਲਹਿਰ, ਤੇਰਾ ਪਤਾ ਨਈਂ

ਹਾਏ! ਤੇਰਿਆਂ ਬੁੱਲਾਂ ਤੇ ਹਾਸਾ ਰਵੇ ਸਲਾਮਤ ਨੀ
ਰੱਬ ਤੋਂ ਮੰਗਾਂ ਤੇਰੀ ਖ਼ੈਰ, ਤੇਰਾ ਪਤਾ ਨਈਂ

ਹਾਮੀ ਭਰ ਦੇ ਅੱਖ ਜੇ ਤੇਰੀ ਸ਼ੁਕਰ ਮਨਾਵਾਂ ਮੈਂ
ਮੇਰਾ ਔਖਾ ਈ ਤੇਰੇ ਬਗ਼ੈਰ, ਤੇਰਾ ਪਤਾ ਨਈਂ

## ਅੱਗੇ ਵੀ ਕੁਝ ਤੱਕਿਆ ਏ

ਹੱਥਾਂ ਦੀਆਂ ਲਕੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ
ਮੈਂ ਆਪਣੀਆਂ ਤਕਦੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ

ਨਹੀਂ ਵੇਚਿਆ ਮੈਂ ਚੰਦ ਕੁ ਸਿੱਕਿਆਂ ਪਿਛੇ ਇਮਾਨ ਨੂੰ
ਮਰੀਆਂ ਹੋਈਆਂ ਜ਼ਮੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ

ਓਹਦੀਆਂ ਅੱਖਾਂ ਓਹਦਾ ਦਿਲ ਕਿਸੇ ਹੋਰ ਕੰਮ ਆ ਗਿਆ
ਲਾਂਬੂ ਲੱਗੇ ਸਰੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ

ਪਿਆਰ, ਮੁਹੱਬਤ ਵੰਡੀ ਤੇ ਮੂੰਹੋਂ ਬੋਲੇ ਬੋਲ ਮਿੱਠੇ
ਬੰਦੂਕਾਂ, ਤਲਵਾਰਾਂ,ਤੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ

ਵੱਢ ਟੁੱਕ ਹੋਈ,ਸਾੜ ਦਿਤੇ ਗਏ ਉਹ ਬਿਰਖ ਨਾ ਬੋਲੇ
ਅੱਖੋਂ ਵਹਿੰਦੇ ਨੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ

ਮਾਂ ਦੀ ਬੁੱਕਲ ਜੰਨਤ ਤੇ ਬਾਪੂ ਆਮਦ ਹਾਸੇ ਦੀ
ਦੌਲਤ, ਸ਼ੋਹਰਤ, ਜਾਗੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ

ਤੈਨੂੰ ਤੱਕਿਆ, ਲਾਵਾਂ ਲਈਆਂ, ਡਾਢਾ ਮੋਹ ਮਿਲਿਆ
ਰਾਣੀਆਂ, ਪਰੀਆਂ, ਹੀਰਾਂ ਤੋਂ ਅੱਗੇ ਵੀ ਕੁਝ ਤੱਕਿਆ ਏ

## ਜ਼ਮੀਰਾਂ ਦੇ ਬੋਲ

ਕੁਝ ਰਾਂਝਿਆਂ ਦੀ ਸੁਣੀ ਕੁਝ ਹੀਰਾਂ ਦੇ ਬੋਲ
ਸੁਣੇ ਮਿਰਜ਼ੇ ਦੇ ਟੁੱਟੇ ਹੋਏ ਤੀਰਾਂ ਦੇ ਬੋਲ

ਬੇਮਤਲਬੀ ਕਈ ਰੌਲੇ ਮੈਂ ਜਾ ਜਾ ਕੇ ਸੁਣੇ
ਦਰ ਆਏ ਤੇ ਵੀ ਸੁਣੇ ਨਾਂ ਫ਼ਕੀਰਾਂ ਦੇ ਬੋਲ

ਗ਼ਜ਼ਲਾਂ ਸੀ ਲਿਖੀਆਂ ਤੇ ਨਜ਼ਮਾਂ ਵੀ ਘੜੀਆਂ
ਕੁਝ ਅੰਬਰਾਂ ਨੇ ਦੱਸਿਆ ਕੁਝ ਨੀਰਾਂ ਦੇ ਬੋਲ

ਹਿੰਮਤਾਂ ਦੀ ਪੌੜੀ ਲਾ ਕਈ ਅਪੜੇ ਨੇ ਚੰਨ ਤੇ
ਪੌਣਾਂ ਚ ਘੁਲ ਗਏ ਉਹ ਸਰੀਰਾਂ ਦੇ ਬੋਲ

ਦਾਲ ਆਟੇ ਤੇ ਡੁੱਲ੍ਹੇ ਮੁਲਖ ਪਾ ਤਾ ਗਹਿਣੇ
ਹਾਏ! ਤੌਬਾ ਉਹ ਮਰੀਆਂ ਜ਼ਮੀਰਾਂ ਦੇ ਬੋਲ

ਉਹ ਔੜ੍ਹਾਂ ਦੀ ਮਾਰ ਤੇ ਤਪਦਾ ਹੋਇਆ ਰੇਤਾ
ਉਹ ਖ਼ੈਰ, ਜੰਡ, ਕਿੱਕਰਾਂ ਤੇ ਕਰੀਰਾਂ ਦੇ ਬੋਲ


## ਹੱਲ ਤੇ ਦੱਸ

ਜੇ ਹੈ ਆ ਕੋਈ ਗੱਲ ਤੇ ਦੱਸ
ਤੇਰੀ ਨਰਾਜ਼ਗੀ ਦਾ ਹੱਲ ਤੇ ਦੱਸ

ਗੱਲ ਜੇ ਬਾਹਲੀ ਲੰਬੀ ਤੇਰੀ
ਚਾਹ ਤੇ ਮਿਲੀਏ ਚੱਲ ਤੇ ਦੱਸ

ਮੇਰੇ ਨਾਲ ਦੱਸ ਗੁੱਸਾ ਕਾਹਦਾ
ਮੂੰਹ ਕਰ ਮੇਰੇ ਵੱਲ ਤੇ ਦੱਸ

ਪਹਿਲਾਂ ਵੀ ਕਈ ਵਾਰੀ ਰੁੱਸਿਆ ਏਂ
ਲੰਘਦਾ ਈ ਜੇ ਇੱਕ ਪਲ ਤੇ ਦੱਸ




# ਮੇਰੇ ਮਗਰੋਂ

ਇੱਕ ਪਲ ਇੱਕ ਛਿਣ ਨਾ ਹੋਵੇ
ਸਬਰ ਤੈਨੂੰ ਤੱਕੇ ਬਿਨ ਨਾ ਹੋਵੇ

ਸਾਹਾਂ ਵਿੱਚ ਘੁਲ ਜਾਏ ਮੁਹੱਬਤ
ਕਿਸੇ ਕੋਲੋਂ ਗਿਣ ਮਿਣ ਨਾ ਹੋਵੇ

ਤੇਰੇ ਬਾਝੋਂ ਅਸੀਂ ਔੜਾਂ ਮਾਰੇ
ਤੂੰ ਨਈਂ ਤਾਂ ਕਿਣ ਮਿਣ ਨਾ ਹੋਵੇ

ਵਿਸਰ ਜਾਵਾਂ ਤੇਰੇ ਚੇਤਿਆਂ ਵਿਚੋਂ
ਮੇਰੇ ਮਗਰੋਂ ਵੀ ਉਹ ਦਿਨ ਨਾ ਹੋਵੇ



## ਵੰਡੀਆਂ

ਅੱਡੋ ਅੱਡ ਨੇ ਰਾਹਵਾਂ ਕਹਿੰਦਾ
ਹੋਣੀਆਂ ਨਹੀਓਂ ਸੁਲਾਹਵਾਂ ਕਹਿੰਦਾ


ਘਰੇ ਬਰੋਬਰ ਕੰਧ ਮਾਰ ਲੈ
ਵੰਡ ਲੈ ਮੱਝੀਆਂ ਗਾਵਾਂ ਕਹਿੰਦਾ

ਇੱਕ ਟਾਹਲੀ ਆ ਅੱਧ ਵਿਚਾਲੇ
ਇਹਦੀਆਂ ਸਾਂਝੀਆਂ ਛਾਵਾਂ ਕਹਿੰਦਾ

ਮੈਂ ਤੇ ਗ਼ਲਤੀ ਕਰ ਨਈਂ ਸਕਦਾ
ਮੈਂ ਕਿਉਂ ਧੌਣ ਝੁਕਾਵਾਂ ਕਹਿੰਦਾ

ਬੁੱਢੇ ਪਿਓ ਦੇ ਨੀਰ ਅੱਖਾਂ ਵਿੱਚ
ਕਿੱਥੇ ਮੈਂ ਮੰਜਾ ਡਾਹਵਾਂ ਕਹਿੰਦਾ

ਥੋਡੀਆਂ ਵੰਡੀਆਂ ਪੈਣ ਤੋਂ ਪਹਿਲਾਂ
ਚਿੱਤ ਕਰੇ ਮਰ ਜਾਵਾਂ ਕਹਿੰਦਾ



# ਆਸ ਦਾ ਪੱਲਾ


ਤੂੰ ਜੋ ਵਾਅਦਾ ਆਉਣ ਦਾ ਕਰਿਆ ਹੋਇਆ ਏ
ਮੈਂ ਵੀ ਆਸ ਦਾ ਪੱਲਾ ਫੜ੍ਹਿਆ ਹੋਇਆ ਏ

ਤੂੰ ਭੁੱਲ ਨਾ ਜਾਵੇਂ ਰਾਹ ਵੇ ਕਿਤੇ ਹਨੇਰੇ ਚ
ਦਿਲ ਕਮਲੇ ਥਾਂ ਥਾਂ ਦੀਵਾ ਧਰਿਆ ਹੋਇਆ ਏ

ਇਹ ਇਸ਼ਕ ਤਾਂ ਬਾਹਲਾ ਔਖਾ ਸਿਖਰੇ ਲੱਗਦਾ ਏ
ਸੱਚੀਂ ਕਈ ਕਿਤਾਬਾਂ ’ਚ ਪੜ੍ਹਿਆ ਹੋਇਆ ਏ

ਕਿਤੇ ਝੂਠ ਨਾ ਹੋਵੇ ਵੇਖੀਂ ਇਹ ਇਕਰਾਰ ਤੇਰਾ
ਦਿਲ ਸੋਚ ਸੋਚ ਕੇ ਡਾਹਢਾ ਡਰਿਆ ਹੋਇਆ ਏ

ਤੇਰੇ ਮੋਢੇ ਸਿਰ ਧਰ ਕੇਰਾਂ ਡੱਕੇ ਹੰਝੂਆਂ ਨੂੰ
ਬਿਰਹੋਂ ਦੇ ਵਿਚ ਮਨ ਜੇਹਾ ਭਰਿਆ ਹੋਇਆ ਏ



## ਤੇਰੀਆਂ ਉਡੀਕਾਂ

ਤੇਰੀਆਂ ਵੇ ਆਸਾਂ ਦੀਆਂ
ਕੱਤਦਿਆਂ ਪੂਣੀਆਂ ਵੇ
ਟੁੱਟ ਗਈ ਚਰਖੜੇ ਦੀ ਮਾਹਲ ਵੇ
ਤੇਰੀਆਂ ਉਡੀਕਾਂ ਵਿਚ
ਵੇਖ ਮੇਰੇ ਦੀਦਿਆਂ ਦਾ
ਹੋਇਆ ਏ ਬਥੇਰਾ ਮੰਦਾ ਹਾਲ ਵੇ

ਪੱਤਣਾਂ ਤੇ ਰੁਕੀਆਂ ਵੇ
ਬੇੜੀਆਂ ਦੇ ਵਾਂਗ ਸਾਨੂੰ
ਲੈਣਾ ਈ ਕਿਨਾਰਿਆਂ ਡਬੋ ਵੇ
ਮਰੂਏ ਦੇ ਫੁੱਲਾਂ ਵਿਚੋਂ
ਹੌਲੀ ਹੌਲੀ ਅੜਿਆ ਵੇ
ਮੁੱਕ ਜਾਣੀ ਸਾਰੀ ਖੁਸ਼ਬੋ ਵੇ
ਹੰਝੂਆਂ ਨੇ ਸਿੰਜੀ ਜਿਹੜੀ
ਦਿਲ ਦੀ ਕਿਆਰੀ
ਵਿਚ ਉੱਗਦੇ ਨੇ ਤੇਰੇ ਹੀ ਖ਼ਿਆਲ ਵੇ
ਤੇਰੀਆਂ ਉਡੀਕਾਂ ਵਿੱਚ

ਤੇਰੀ ਦਿੱਤੀ ਪੀੜ ਚੁਗੇ
ਵੇਹੜੇ ਮੇਰੇ ਕਾਲਜੇ ਦੇ
ਜਿਹੜੀ ਤੂੰ ਖਿਲਾਰ ਗਿਓਂ ਚੋਗ ਵੇ
ਗੀਤਾਂ ਦੀਆਂ ਸਤਰਾਂ ਵੇ
ਮੋਏ ਮੇਰੇ ਖ਼ੁਆਬਾਂ ਦਾ
ਮਨਾਉਂਦੀਆਂ ਈ ਰਹਿੰਦੀਆਂ ਨੇ ਸੋਗ ਵੇ
ਪਾਲਿਆਂ ਨੇ ਠਾਰਿਆ
ਜਦੋਂ ਵੀ ਸਰੀਰ ਮੇਰਾ
ਯਾਦਾਂ ਦੀ ਹੀ ਧੂਣੀ ਲਈਏ ਬਾਲ ਵੇ
ਤੇਰੀਆਂ ਉਡੀਕਾਂ ਵਿੱਚ

ਰੰਗ ਕੋਈ ਫੱਬਦਾ ਨਾ
ਹੋਏ ਬਦਰੰਗ ਪਏ ਆਂ
ਤੇਰੇ ਬਿਨਾਂ ਕਾਹਦੀਆਂ ਰੰਗੀਨੀਆਂ
ਹਾਰ ਨਾ ਸ਼ਿੰਗਾਰ ਲਾਵਾਂ
ਜ਼ੁਲਫ਼ਾਂ ਨਾ ਵਾਹਵਾਂ ਕਦੇ
ਚੁੱਲ੍ਹੇ ਵਿੱਚ ਡਾਹਤੀਆਂ ਸ਼ੌਕੀਨੀਆਂ
ਹਿਜ਼ਰਾਂ ਦਾ ਮਾਰੂਥਲ
ਤੱਤੇ ਤੱਤੇ ਰੇਤਿਆਂ ਤੇ
ਮੱਠੀ ਪੈ ਗਈ ਸਾਹਾਂ ਵਾਲੀ ਚਾਲ ਵੇ
ਤੇਰੀਆਂ ਉਡੀਕਾਂ ਵਿੱਚ
ਵੇਖ ਮੇਰੇ ਦੀਦਿਆਂ ਦਾ
ਹੋਇਆ ਈ ਬਥੇਰਾ ਮੰਦਾ ਹਾਲ ਵੇ

## ਜ਼ੁਲਫ਼ਾਂ

ਨੈਣਾ ਦੇ ਵਿਚ ਸੁਰਮਾ ਗੱਡ ਕੇ ਆਉਂਦੇ ਨੇ
ਪਰੀਆਂ ਵਾਂਗੂ ਟੌਹਰਾਂ ਕਢ ਕੇ ਆਉਂਦੇ ਨੇ

ਵੇਖਣ ਵਾਲੇ ਫੁੱਲਾਂ ਵਾਂਗੂੰ ਖਿੜ ਗਏ ਨੇ
ਫਿਕਰਾਂ ਦਾ ਸਭ ਫਾਹਾ ਵੱਢ ਕੇ ਆਉਂਦੇ ਨੇ

ਮੱਲੋ ਮੱਲੀ ਚੰਦਰੀ ਝਾਂਜਰ ਛਣਕ ਜਾਵੇ
ਆਪਣੇ ਵਲੋਂ ਪੈਰ ਉਹ ਦੱਬ ਕੇ ਆਉਂਦੇ ਨੇ

ਲਗਦਾ ਏ ਮੈਨੂੰ ਜਾਨ ਕਿਸੇ ਦੀ ਕੱਢਣਗੇ
ਜਿਹੜਾ ਜ਼ੁਲਫ਼ਾਂ ਖੁੱਲ੍ਹੀਆਂ ਛੱਡ ਕੇ ਆਉਂਦੇ ਨੇ

# ਚਾਹ ਤੇ ਮਿਲੀਏਂ

ਨਜ਼ਰਾਂ 'ਚੋਂ ਨਾ ਡਿੱਗਾਂ ਅੜੀਏ
ਭਾਵੇਂ ਕਿੰਨੇ ਈ ਠੇਡੇ ਖਾਵਾਂ ਨੀ
ਓਨੀ ਏਂ ਤੇਰੇ ਨਾਲ ਮੁਹੱਬਤ
ਮਾਂ ਕੋਲ ਜਿੰਨੀਆਂ ਦੁਆਵਾਂ ਨੀ

ਚਾਹ ਤੇ ਮਿਲੀਏ ਆਜਾ ਦੋਵੇਂ
ਰੀਝਾਂ ਲਾਂ ਕੇ ਤੱਕਾਂ ਮੈਂ
ਨਾ ਤੇਰੀ ਗੱਲ ਟੁੱਟਣ ਦਿਆਂ
ਨਾ ਚਾਹ ਦਾ ਕੱਪ ਮੁਕਾਵਾਂ ਨੀ

ਤੇਰੇ ਤਪਦੇ ਰਾਹਾਂ ਖਾਤਰ
ਬਣ ਜਾਂ ਸੰਘਣੀ ਛਾਂ ਦਾ ਰੁੱਖ
ਬਹਿ ਕੇ ਕੱਟ ਦੁਪਹਿਰਾ ਅੜੀਏ
ਬੁੱਕਲ ਵਿੱਚ ਬਿਠਾਵਾਂ ਨੀ

ਅੰਬਰ ਕੋਲੇ ਤਰਲਾ ਕਰਕੇ
ਮੰਗ ਲਾਂ ਚੰਨ ਸਿਤਾਰੇ ਨੀ
'ਕੱਲਾ-'ਕੱਲਾ ਕਰਕੇ ਤੇਰੀ
ਆ ਚੁੰਨੀ ਉੱਤੇ ਸਜਾਵਾਂ ਨੀ

ਮਹਿਬੂਬਾ ਦੀ ਖਾਤਰ ਜਿਥੇ
ਹੋਵਣ ਕਤਲ ਗੁਲਾਬਾਂ ਦੇ
ਭੁੱਲ ਕੇ ਵੀ ਕਦੇ ਰਹਿੰਦੇ ਸਾਹ ਮੈਂ
ਉਸ ਨਗਰੀ ਨਾ ਜਾਵਾਂ ਨੀ

# ਮੇਰਾ ਹਰ ਦਰਦ

ਮੇਰਾ ਹਰ ਦਰਦ ਲਫ਼ਜ਼ਾਂ ਵਿੱਚ ਢਲ ਜਾਵੇਗਾ ਇੱਕ ਦਿਨ
ਅਜੇ ਵਕਤ ਨਹੀਂ ਮੇਰਾ ਪਰ ਬਦਲ ਜਾਵੇਗਾ ਇੱਕ ਦਿਨ

ਫਿਰ ਕੀ ਜੇ ਓਹਦਾ ਦਿਲ ਪੱਥਰ ਹੈ ਮੋਮ ਨਹੀਂ
ਮੁਹੱਬਤ ਵਿੱਚ ਦਮ ਹੈ ਤਾਂ ਪਿਘਲ ਜਾਵੇਗਾ ਇੱਕ ਦਿਨ


ਜਦੋਂ ਸ਼ਊਰ ਆ ਗਈ ਓਹਨੂੰ ਆਪਣਿਆਂ ਤੇ ਪਰਾਇਆਂ ਦੀ
ਮੇਰੇ ਸਾਹਾਂ ਚ ਆਣ ਕੇ ਰਲ ਜਾਵੇਗਾ ਇੱਕ ਦਿਨ

ਅਣਜਾਣ ਹੈ ਉਹ ਲੋਕਾਂ ਦੇ ਨਕਾਬ ਹੇਠਲੇ ਮੁੱਖ ਤੋਂ
ਲੱਗੀ ਠੋਕਰ ਤਾਂ ਆਪ ਹੀ ਸੰਭਲ ਜਾਵੇਗਾ ਇੱਕ ਦਿਨ

ਸਾਜਿਸ਼ੀ ਪੀੜ੍ਹਾਂ ਤੇ ਰਤਾ ਵੀ ਨਹੀਂ ਹੈ ਗਿਲਾ ਮੈਨੂੰ
ਮੇਰਾ ਸਿਦਕ ਹੀ ਇਹਨਾਂ ਨੂੰ ਨਿਗਲ ਜਾਵੇਗਾ ਇੱਕ ਦਿਨ

ਬਿਰਹੋਂ ਦੀਆਂ ਹਵਾਵਾਂ ਨੂੰ ਲਾਹ ਲੈਣ ਦੇ ਚਾਅ ਆਪਣਾ
ਮੇਰੇ ਦਿਲ ਦੇ ਵੇਹੜੇ ਵੀ ਚਿਰਾਗ਼ ਬਲ ਜਾਵੇਗਾ ਇੱਕ ਦਿਨ

ਇਹ ਜਜ਼ਬਾਤਾਂ ਦਾਂ ਦਰਿਆ ਕਦੋਂ ਹੈ ਵੱਸ ਵਿੱਚ ਰਹਿੰਦਾ
ਭਾਵੇਂ ਬੰਨ੍ਹ ਲਗਾ ਲੈ 'ਚਾਹਲ' ਇਹ ਉੱਛਲ ਜਾਵੇਗਾ ਇੱਕ ਦਿਨ



## ਪੰਜਾਬ ਤੇ ਨਹੀਂ ਨਾ

ਤੇਰੇ ਲਾਏ ਲਾਰਿਆਂ ਦਾ ਕੋਈ ਹਿਸਾਬ ਤੇ ਨਹੀਂ ਨਾ
ਮੇਰੇ ਹਿੱਸੇ ਸੂਲਾਂ ਆਈਆਂ ਗੁਲਾਬ ਤੇ ਨਹੀਂ ਨਾ


ਜਦ ਕੋਈ ਕਰਾਂ ਸਵਾਲ ਤੇ ਅੱਗੋਂ ਮੂੰਹ ਜਿਹਾ ਵੱਟਦੈਂ
ਤੂੰ ਨਖਰੇ ਕਰਦੈਂ ਦੇਂਦਾ ਕੋਈ ਜਵਾਬ ਤੇ ਨਹੀਂ ਨਾ

ਪੜ੍ਹਿਆ ਇੱਕ ਵਾਰੀ ਫੇਰ ਰੱਦੀ ਵਿੱਚ ਰੱਖ ਤਾ
ਦਿਲ ਆ ਮੇਰਾ ਤੇਰੀ ਕੋਈ ਕਿਤਾਬ ਤੇ ਨਹੀਂ ਨਾ

ਤਾਹਨਾ ਮਾਰਦਾ ਰਹਿਨੈ ਮੇਰੇ ਪਿੰਡ ਦੀ ਦੂਰੀ ਦਾ
ਪੈਂਡਾ ਕਰਨਾ ਏਂ, ਤਰਨਾ ਕੋਈ ਚਨਾਬ ਤੇ ਨਹੀਂ ਨਾ

ਮੇਰੇ ਦਿਲ ਵਿੱਚ ਜਿਹੜੀ ਓਹੀ ਸੁਣੇਗਾ ਬੁੱਲ੍ਹਾਂ ਤੋਂ
ਐਵੇਂ ਚੇਹਰੇ ਉਤੇ ਪਹਿਨਿਆ ਕੋਈ ਨਕਾਬ ਤੇ ਨਹੀਂ ਨਾ

ਮੈਨੂੰ ਦੱਸੇਂ ਵਲੈਤਾਂ ਦੀਆਂ ਰੰਗੀਨੀਆਂ ਦੀ ਹੱਦ ਅੜਿਆ
ਮੰਨਿਆਂ ਨਜ਼ਾਰੇ ਹੋਣਗੇ ਪਰ ਉਹ ਪੰਜਾਬ ਤੇ ਨਹੀਂ ਨਾ



# ਬਿਰਖ ਰੀਝਾਂ ਨਾਲ ਪਾਲੇ

ਪੁਰਖਾਂ ਲਾਏ ਬਿਰਖ ਰੀਝਾਂ ਨਾਲ ਪਾਲੇ
ਆਪਾਂ ਵੱਢਣ ਤੇ ਰੱਖਿਆ ਟੱਕ ਮੀਆਂ

ਸਿਖਰ ਦੁਪਹਿਰੇ ਸਾੜ ਫਨਾਂ ਕੀਤੇ
ਕਹਿਣ ਗ਼ਰਮੀ ਨੇ ਕੱਢਿਆ ਵੱਟ ਮੀਆਂ

ਕਸਰ ਛੱਡੀ ਨਾ ਪਾਣੀ ਬਰਬਾਦ ਕੀਤਾ
ਕਹਿੰਦੇ ਪਾਣੀ ਤੇ ਸਾਡਾ ਆ ਹੱਕ ਮੀਆਂ

ਨਾ ਹਵਾ ਪਾਣੀ ਤੇ ਨਾ ਰੁੱਖ ਸਾਂਭੇ
ਕਰੋ ਕਿਰਪਾ ਕੋਈ ਦੇ ਕੇ ਜਾਵੋ ਮੱਤ ਮੀਆਂ


## ਦਿਲ ਮੇਰਾ

ਖੁਦ ਨੂੰ ਜਿੰਦੇ ਕੁੰਡੇ ਮਾਰੇ ਦਿਲ ਮੇਰਾ
ਤੇਰੇ ਬਾਝੋਂ ਕੌਣ ਸਵਾਰੇ ਦਿਲ ਮੇਰਾ

ਇੱਕੋ ਵਾਰੀ ਹਰ ਕੇ ਤੇ ਪਛਤਾਇਆ ਈ
ਹੁਣ ਦੂਜੀ ਵਾਰ ਨਾ ਹਾਰੇ ਦਿਲ ਮੇਰਾ

ਆਪਣੀ ਕੰਧ ਤੇ ਲਾਈ ਏ ਤਸਵੀਰ ਤੇਰੀ
ਪਹੁ ਫੁੱਟਦੇ ਈ ਓਹਨੂੰ ਝਾੜੇ ਦਿਲ ਮੇਰਾ

ਲਿਖ ਕੇ ਫੇਰ ਮਿਟਾ ਲੈਂਦਾ ਈ ਨਾਂ ਤੇਰਾ
ਬਸ ਲੱਗਾ ਰਹਿੰਦਾ ਆਹਰੇ ਦਿਲ ਮੇਰਾ



## ਫਿਕਰ ਦੇਸ਼ ਦਾ

ਬੰਨ੍ਹ ਲਗਾਇਆਂ ਰੁਕਦੇ ਨਹੀਂ
ਵਹਿਣ ਕਦੇ ਦਰਿਆਵਾਂ ਦੇ
ਬਣ ਗਏ ਸ਼ਾਹੂਕਾਰ ਬਥੇਰੇ
ਦੁਸ਼ਮਣ ਠੰਡੀਆਂ ਛਾਵਾਂ ਦੇ

ਹੋ ਕੇ ਤੇ ਮਜਬੂਰ ਨੇ ਤੁਰ ਗਏ
ਬਹੁਤੇ ਪੁੱਤ ਪ੍ਰਦੇਸਾਂ ਨੂੰ
ਜੇਠ ਮਾਂਹ ਦੀਆਂ ਧੁੱਪਾਂ ਵਾਂਗੂ
ਤਪਣ ਕਾਲਜੇ ਮਾਵਾਂ ਦੇ

ਦਿਲਾਂ ਚ ਠਾਣੀ ਜਿਨ੍ਹਾਂ ਨੇ ਵੀ
ਮੰਜ਼ਿਲ ਤੇ ਹੈ ਪਹੁੰਚਣ ਦੀ
ਕੀ ਰੋਕਣਗੇ ਪੈਰ ਉਹਨਾਂ ਦੇ
ਚੰਦਰੇ ਡਰ ਸਜ਼ਾਵਾਂ ਦੇ

ਜਿਥੇ ਬਚਪਨ ਬੀਤਿਆ ਸੀ
ਮਿੱਟੀ ਸੰਗ ਮਿੱਟੀ ਹੁੰਦੇ ਰਹੇ
ਦਿਲੋਂ ਕਿਵੇਂ ਵਿਸਾਰ ਦਿਆਂ
ਮੈਂ ਚੇਤੇ ਉਹਨਾਂ ਰਾਹਵਾਂ ਦੇ


ਮਾਣ ਕਰੀਂ ਨਾ ਸੋਹਣਿਆ ਕਿਧਰੇ
ਦੌਲਤ, ਹੁਸਨ, ਜਵਾਨੀ ਦਾ,
ਪਲ ਦਾ ਨਹੀਂ ਭਰੋਸਾ ਕੋਈ
ਸੌਦੇ ਖਰੇ ਨਾ ਸਾਹਵਾਂ ਦੇ

ਰੀਝਾਂ ਨਾਲ ਸੀ ਪਾਲੇ ਜਿਹੜੇ
ਸਾਰ ਨਾ ਲੈਣ ਬਜ਼ੁਰਗਾਂ ਦੀ,
ਲਹੂ ਹੋ ਗਿਆ ਪਾਣੀ ਜੀਕਣ
ਰਹਿ ਗਏ ਰਿਸ਼ਤੇ ਨਾਵਾਂ ਦੇ

ਸੁੱਤੀ ਘੂਕ ਆਤਮਾ ਸਭ ਦੀ
ਫਿਕਰ ਦੇਸ਼ ਦਾ ਕੌਣ ਕਰੇ

ਚੂੰਡ ਕੇ ਖਾ ਗਏ ਜਿਸ ਦਾ ਪਿੰਜਰ
ਝੁੰਡ ਭੈੜਿਆਂ ਕਾਵਾਂ ਦੇ
ਗਿਆਨ ਵਿਹੂਣੇ ਭੋਲੇ ਲੋਕੀਂ
ਲੁੱਟੇ ਗਏ ਬਥੇਰੇ ਨੇ
ਡੇਰਿਆਂ ਤੋਂ ਸੀ ਇਲਾਜ ਭਾਲ਼ਦੇ
ਫਿਕਰਾਂ ਤੇ ਚਿੰਤਾਵਾਂ ਦੇ

'ਅਮਨ ਚਾਹਲ' ਜੇ ਬਹੁਤੇ ਲੋਕੀਂ
ਗਏ ਵਿਸਾਰ ਪੰਜਾਬੀ ਨੂੰ
ਮਾਂ ਬੋਲੀ ਇਉਂ ਰੁਲ ਜਾਵੇਗੀ
ਆਸਰੇ ਬਿਨ੍ਹਾਂ ਦੁਆਵਾਂ ਦੇ



# ਤੇਰੇ ਲਈ

ਤੇਰੇ ਲਈ ਸਜਾਇਆ ਅਸਾਂ
ਪਿੰਡ ਵੇਖ ਸੋਹਣਿਆਂ ਵੇ
ਦੀਵੇ ਧਰੇ ਬਾਲਕੇ ਬਨੇਰੇ ਤੇ
ਚੰਨ ਕੋਲੋਂ ਮੰਗ ਲਈ ਵੇ
ਚਾਨਣੀ ਉਧਾਰੀ ਅਸਾਂ
ਨਾਂ ਤੇਰਾ ਲਿਖ ਤਾ ਹਨੇਰੇ ਤੇ


ਤੇਰੇ ਲਈ ਲਵਾਇਆ ਅਸਾਂ
ਲਾਚੀਆਂ ਦਾ ਬਾਗ ਵੇ
ਮਾਣੇ ਰੱਜ ਰੱਜ ਤੂੰ ਸੁਗੰਧੀਆਂ
ਇੱਕ ਤੇਰੇ ਕਰਕੇ ਵੇ
ਹਾੜੇ ਕੱਢੇ ਮੌਸਮਾਂ ਦੇ
ਰੁੱਤਾਂ ਹੋਣ ਕਾਸ਼ਨੀ ਜੇ ਰੰਗੀਆਂ

ਤੇਰੇ ਲਈ ਮੰਗਾਏ ਅਸਾਂ
ਫੁਲ ਖੁਰਮਾਨੀਆਂ ਦੇ
ਤੇਰੀਆਂ ਵੇ ਰਾਹਾਂ 'ਚ ਵਿਛਾਉਣ ਨੂੰ
ਕਿਹੜੀਆਂ ਵੇ ਪਰੀਆਂ ਨੇ
ਮੋਹ ਲਿਆ ਈ ਦਸ ਤੈਨੂੰ
ਚਿੱਤ ਜਿਹੜਾ ਕਰਦਾ ਨਾ ਆਉਣ ਨੂੰ

ਤੇਰੇ ਲਈ ਨਵਾਈਆਂ ਵੇਖ
ਬਿਰਖਾਂ ਨੇ ਟਹਿਣੀਆਂ ਵੇ
ਛਾਵਾਂ ਹੋਈਆਂ ਸੰਘਣੀਆਂ ਹੋਰ ਵੇ
ਕਾਵਾਂ ਨੇ ਬਨੇਰਾ ਸਾਡਾ
ਮੱਲਿਆ ਈ ਕੱਲ੍ਹ ਦਾ ਵੇ
ਵਿਹੜੇ ਸਾਡੇ ਨੱਚਦਾ ਈ ਮੋਰ ਵੇ

ਤੇਰੇ ਲਈ ਹੀ ਕਰਿਆ
ਉਦਾਸੀਆਂ ਦੇ ਚਿਹਰਿਆਂ ਤੇ
ਮਿੱਟੀ ਮੁਲਤਾਨੀ ਵਾਲਾ ਲੇਪ ਵੇ
ਸੰਦਲੀ ਜਹੇ ਹਾਸੇ ਮੈਂ
ਸਜਾ ਲਏ ਨੇ ਬੁੱਲ੍ਹਾਂ ਉੱਤੇ
ਇੱਕ ਵਾਰੀ ਆਣ ਕੇ ਤੂੰ ਵੇਖ ਵੇ

ਤੇਰੇ ਬਿਨਾ ਲੰਘ ਗਈਆਂ
ਈਦਾਂ ਕਈ ਰੁਸ ਰੁਸ
ਨੈਣਾਂ ਕਦੇ ਖੋਲ੍ਹੇ ਨਾ ਦਵਾਰ ਵੇ
ਇਹਤੋਂ ਪਹਿਲਾਂ ਸਾਹਾਂ ਦੀ
ਟਟੀਹਰੀ ਦਮ ਤੋੜ ਦੇਵੇ
ਇੱਕ ਵਾਰੀ ਗੇੜਾ ਚੰਨਾ ਮਾਰ ਵੇ



## ਇਸ਼ਕ ਦੀਆਂ ਮੁਰਗਾਬੀਆਂ

ਹੰਝੂਆਂ ਦੇ ਸਾਗਰ ਤਰਦੀਆਂ
ਤੇਰੇ ਇਸ਼ਕ ਦੀਆਂ ਮੁਰਗਾਬੀਆਂ ਵੇ
ਬੰਦ ਪਏ ਦਰ ਹਾਸਿਆਂ ਦੇ
ਤੇਰੇ ਹੱਥਾਂ ਦੇ ਵਿਚ ਚਾਬੀਆਂ ਵੇ

ਇਸ਼ਕ ਤਾਂ ਸ਼ਿਕਰੇ ਵਰਗਾ ਅੜੀਏ
ਨੋਚ ਨੋਚ ਕੇ ਖਾਂਦਾ ਨੀ
ਇਸ਼ਕ ਦੇ ਰਾਹੇ ਜਾਵੀਂ ਨਾ
ਮੈਨੂੰ ਬੜਾ ਵਰਜਿਆ ਭਾਬੀਆਂ ਵੇ

ਬਿਰਹਾ ਤੇਰਾ ਤਿਰਹਾਇਆ ਅੜਿਆ
ਪੀਵੇ ਰੱਤ ਪਿਆਲੇ ਵੇ
ਆਸਾਂ ਕਰਕੇ ਪੋਰੀ ਪੋਰੀ
ਹਿਜ਼ਰਾਂ ਮੇਰਿਆਂ ਖਾਧੀਆਂ ਵੇ

ਤੇਰੇ ਬਿਨ ਬਹਾਰਾਂ ਰੁੱਸੀਆਂ ਰੁੱਸੀਆਂ
ਪਤਝੜ ਪਸਰੀ ਵੇਹੜੇ ਵੇ
ਲਿੱਸਿਆਂ ਚਾਵਾਂ ਦੇ ਲੱਕ ਤੋਂ
ਡਿਗ ਡਿਗ ਪੈਣ ਤੜਾਗੀਆਂ ਵੇ

ਫਿਸਲ ਫਿਸਲ ਕੇ ਅੱਖੀਆਂ ਵਿਚੋਂ
ਸੁਪਨੇ ਕਿਰਦੇ ਜਾਂਦੇ ਨੇ
ਉਡੀਕ ਤੇਰੀ ਵਿਚ ਅੜਿਆ
ਦਹਿਲੀਜ਼ਾਂ ਰਹਿਣ ਸਲਾਭੀਆਂ ਵੇ

ਇਲਜ਼ਾਮ ਤੇਰੇ ਸਿਰ ਨਹੀਂ ਧਰਦੇ
ਸਮਿਆਂ ਤੇ ਮੜ੍ਹ ਦੇਨੇ ਆਂ
ਹਾਲ ਏ ਜ਼ਿੰਦਗੀ ਏਸ ਤਰਾਂ
ਜਿਓਂ ਰੂਹ ਤੇ ਸੂਲਾਂ ਦਾਗੀਆਂ ਵੇ

## ਬੇਬੇ ਦੀਆਂ ਦੁਆਵਾਂ

ਕੁਝ ਗ਼ਜ਼ਲਾਂ ਕੁਝ ਨਜ਼ਮਾਂ ਲਿਖੀਆਂ
ਕੁਝ ਲਿਖੀਆਂ ਕਵਿਤਾਵਾਂ
ਕਿਤੇ ਜਿਕਰ ਧੁੱਪਾਂ ਦਾ ਕੀਤਾ
ਕਿਤੇ ਮੈਂ ਲਿਖੀਆਂ ਛਾਵਾਂ

ਨਾ ਦੌਲਤ, ਨਾ ਸ਼ੋਹਰਤ ਕੋਲੇ
ਤਾਂ ਵੀ ਭਰਿਆ ਕਾਸਾ
ਇਹਦੇ ਵਿਚ ਅਣਮੁੱਲੀਆਂ ਮੇਰੀ
ਬੇਬੇ ਦੀਆਂ ਦੁਆਵਾਂ

ਪੌਣਾਂ ਦੇ ਵਿਚ ਜ਼ਹਿਰਾਂ ਘੁਲੀਆਂ
ਕੌਣ ਕਹਾਵੈ ਦੋਸ਼ੀ
ਆਪਣੇ ਹਿੱਸੇ ਆਪੇ ਲਿਖ ਲਓ
ਆਉਂਦੀਆਂ ਜੋ ਸਜ਼ਾਵਾਂ

ਪੀੜਾਂ ਮਾਰੇ ਬਿਰਖ ਮਾਰਦੇ
ਸੁਣੇ ਕੋਈ ਨਾ ਚੀਖਾਂ
ਕਹਿਰ ਢਹਿਣਗੇ, ਚੱਲੀਆਂ ਜਿਸ ਦਿਨ
ਵੇਖੀਂ ਅਗਨ ਹਵਾਵਾਂ

ਨਸ਼ਾ ਰੂਪੀ ਇਹ ਦੈਂਤ ਕੁਲਹਿਣਾ
ਕਿਥੋਂ ਉਤਰ ਆਇਆ
ਸਿਵਿਆਂ ਦੇ ਰਾਹ ਪੈ ਗਏ ਜਿਹੜੇ
ਪੁੱਤ ਭਾਲਦੀਆਂ ਮਾਵਾਂ

ਜਿਹੜੇ ਹਿੰਮਤੀ ਹੋਣ ਬਥੇਰੇ
ਥੱਕ ਹਾਰ ਨਾ ਬਹਿੰਦੇ
ਓਹਨਾ ਦੇ ਲਈ ਰਸਤਾ ਛੱਡਿਆ
ਪਹਾੜਾਂ ਤੇ ਦਰਿਆਵਾਂ

ਮੁਦਤਾਂ ਹੋਈਆਂ ਗਏ ਪ੍ਰਦੇਸੀਂ
ਹਾਲੇ ਤੀਕ ਨਾ ਬਹੁੜੇ
ਝੂਠੀਆਂ ਦੇਣ ਤਸੱਲੀਆਂ ਕਾਹਤੋਂ
ਆਉਨੈਂ ਭੈੜਿਆਂ ਕਾਵਾਂ

ਨਾ ਹਉਮੈ ਨਾ ਰੱਖੀਂ ਲਾਲਸਾ
ਨਾ ਹੋਰਾਂ ਤੋਂ ਆਸਾਂ
'ਅਮਨ ਚਾਹਲ' ਲੈ ਬਹਿੰਦੇ ਤਿੰਨੇ
ਮੇਰੀਆਂ ਤੈਨੂੰ ਸਲਾਹਵਾਂ

## ਸੁਣਾ ਵੇ ਸ਼ਾਇਰਾ

ਇਸ਼ਕ ਮਜ਼ਾਜ਼ੀ ਹਰ ਕੋਈ ਕੂਕੇ
ਕੌਡੀ ਇਹਦਾ ਭਾਅ ਵੇ ਸ਼ਾਇਰਾ
ਨਿੰਮਾਂ, ਕਿੱਕਰਾਂ, ਬੋਹੜਾਂ, ਪਿਪਲਾਂ
ਦੀ ਕੋਈ ਗੱਲ ਸੁਣਾ ਵੇ ਸ਼ਾਇਰਾ

ਪੰਛੀਆਂ ਦੀ ਵੇਖ ਡਾਰ ਖੜ੍ਹੀ ਆ
ਆਸਾਂ ਲਾ ਬੇਸ਼ੁਮਾਰ ਖੜ੍ਹੀ ਆ
ਪੀੜ੍ਹੀ ਨਵੀਂ ਤਿਆਰ ਖੜ੍ਹੀ ਆ
ਬਿਰਖਾਂ ਬਾਝੋਂ ਖ਼ਾਕ ਜਹੇ ਆਂ
ਤੂੰਹੀਓਂ ਕੁਝ ਸਮਝਾਅ ਵੇ ਸ਼ਾਇਰਾ


ਰੁਸ ਰੁਸ ਬਵੇ ਸੰਧੂਰੀ ਰੁੱਤ ਵੇ
ਬਾਗਾਂ ਦੇ ਵਿਚ ਪੱਸਰੀ ਚੁੱਪ ਵੇ
ਰੁੱਖ ਤਾਂ ਹੁੰਦੇ ਧੀਆਂ ਪੁੱਤ ਵੇ
ਕਹਿ ਲੈ ਸਾਰੇ ਸਾਕ ਸਬੰਧੀ
'ਸ਼ਿਵ' ਦੀਆਂ ਸਤਰਾਂ ਗਾ ਵੇ ਸ਼ਾਇਰਾ

ਫਿਜ਼ਾਵਾਂ ਵਿਚੋਂ ਚੂਸਣ ਜ਼ਹਿਰਾਂ
ਠੰਡੀਆਂ ਕਰਦੇ ਅਗਨ ਦੁਪਹਿਰਾਂ
ਪਿੰਡ ਅਸਾਡੇ ਖਾ ਲਏ ਸ਼ਹਿਰਾਂ
ਝੰਡੇ ਦੱਸੀਂ ਤਰੱਕੀਆਂ ਵਾਲੇ
ਕਿੰਨੇ ਰਹੇ ਲਹਿਰਾ ਵੇ ਸ਼ਾਇਰਾ

ਇਹਨਾਂ ਬਾਝ ਬੇਰੰਗ ਹੈ ਜ਼ਿੰਦਗੀ
ਸੱਚ ਪੁਛੇਂ ਤਾਂ ਤੰਗ ਹੈ ਜ਼ਿੰਦਗੀ
ਦੋ ਘੜੀਆਂ ਦੋ ਡੰਗ ਹੈ ਜ਼ਿੰਦਗੀ
ਮੋਇਆਂ ਸਾਡੇ ਨਾਲ ਨੇ ਸੜਦੇ
ਹੁਣੇ ਅਹਿਸਾਨ ਚੁਕਾ ਵੇ ਸ਼ਾਇਰਾ

ਮੌਸਮ ਜਦੋਂ ਕਹਿਰ ਨੇ ਢਾਉਂਦੇ
ਬਿਰਖ ਹੀ ਪਹਿਲਾਂ ਮੱਥਾ ਲਾਉਂਦੇ
ਹਰ ਆਫ਼ਤ ਤੋਂ ਰਹਿਣ ਬਚਾਉਂਦੇ
ਕਹਿਣ ਸਿਆਣੇ ਇਹਨਾਂ ਕੋਲੇ
ਕਈ ਰੋਗਾਂ ਦੀ ਦਵਾ ਵੇ ਸ਼ਾਇਰਾ

ਤੈਥੋਂ ਜੇ ਇਹ ਕਰਮ ਨਾ ਹੋਣਾ
ਗ਼ਜ਼ਲਾਂ ਤੇਰੀਆਂ ਤੈਨੂੰ ਰੋਣਾ
ਭਾਰ ਸਿਰਾਂ ਤੇ ਪੈਣਾ ਢੋਣਾ
ਓਹਦੇ ਦਰ ਨਾ ਬਖਸ਼ੇ ਜਾਣੇ
ਏਡੇ ਵੱਡੇ ਗੁਨਾਹ ਵੇ ਸ਼ਾਇਰਾ
ਨਿੰਮਾਂ, ਕਿੱਕਰਾਂ, ਬੋਹੜਾਂ, ਪਿਪਲਾਂ
ਦੀ ਕੋਈ ਗੱਲ ਸੁਣਾ ਵੇ ਸ਼ਾਇਰਾ



# ਕਵੀਆਂ ਦੇ ਨਾਂ

ਲੋਕੀ ਓਹਨੂੰ ਕਵੀ ਨੇ ਕਹਿੰਦੇ
ਮੈਂ ਆਹਨਾ ਰੂਹ ਪਾਕ ਜਿਹਾ ਏ
ਕੁਦਰਤ ਦੇ ਨਾਲ ਮੁੱਢ ਤੋਂ ਓਹਦਾ
ਗੂੜ੍ਹਾ ਹੀ ਕੋਈ ਸਾਕ ਜਿਹਾ ਏ

ਮੁੱਖ ਤੇ ਓਹਦੇ ਨੂਰ ਇਲਾਹੀ
ਨਿਰਾ ਗੁਰਮੁਖੀ ਵਰਗਾ ਏ
ਅੱਖਰਾਂ ਨਾਲ ਉਹ ਭਰਿਆ ਭਰਿਆ
ਅੱਖਰਾਂ ਬਾਝੋਂ ਖ਼ਾਕ ਜਿਹਾ ਏ

ਕਲਮ ਓਸਦੀ ਮਨ ਮੋਹ ਲੈਂਦੀ
ਜੀਕਣ ਹੀਰ ਸਿਆਲਾਂ ਦੀ
ਇਸ਼ਕ਼ ਓਸਦਾ ਸਿਖਰਾਂ ਛੋਹੇ
ਬਣਿਆ ਰਾਂਝੇ ਚਾਕ ਜਿਹਾ ਏ

ਧੁਪਾਂ ਛਾਵਾਂ ਓਹਦੇ ਵਾਸਤੇ
ਦੋਵੇਂ ਸਕੀਆਂ ਭੈਣਾਂ ਨੇ
ਨੀਲਾ ਅੰਬਰ ਤਾਰੇ ਜੜਿਆ
ਓਹਦੇ ਲਈ ਪੋਸ਼ਾਕ ਜਿਹਾ ਏ

ਮਤਲਾ, ਮਕਤਾ, ਰਦੀਫ਼, ਕਾਫ਼ੀਆ
ਚਾਰੇ ਓਹਦੇ ਹਾਣੀ ਨੇ
ਰੂਹਾਂ ਨੂੰ ਰੁਸ਼ਨਾਵੇ ਜਿਹੜਾ
ਕਿਸੇ ਫ਼ਕੀਰ ਦੇ ਵਾਕ ਜਿਹਾ ਏ


## ਅੱਖਾਂ ਨੇ ਕਈ ਭੇਤ ਲੁਕਾ ਲਏ

ਅੱਖਾਂ ਨੇ ਕਈ ਭੇਤ ਲੁਕਾ ਲਏ
ਹੌਂਕੇ ਹਾਵਾਂ ਸਮੇਤ ਲੁਕਾ ਲਏ

ਟਾਵੇਂ ਨੂੰ ਈਂ ਵਲ ਜੇਹਾ ਹੁੰਦਾ
ਐਵੇਂ ਤਾਂ ਹਰੇਕ ਲੁਕਾ ਲਏ

ਇਸ਼ਕ 'ਚ ਤਾਰੀ ਲਾਵਣ ਆਏ
ਮੇਰੇ ਜਹੇ ਕਈ ਵੇਖ ਲੁਕਾ ਲਏ

ਤੇਰੇ ਫਰਵਰੀ ਮਾਰਚ ਅੜੀਏ
ਸਾਡੇ ਫੱਗਣ ਚੇਤ ਲੁਕਾ ਲਏ




## ਲੋਕ ਕਹਿਣ ਤੁਸੀਂ ਇਸ਼ਕ 'ਚ ਹਾਰੀ ਜਾਨੇ ਓ

ਫੁੱਲਾਂ ਵਾਂਗੂੰ ਮਹਿਕ ਖਿਲਾਰੀ ਜਾਨੇ ਓ
ਚੰਨ ਜਹੇ ਮੁੱਖ ਨੂੰ ਹੋਰ ਸਵਾਰੀ ਜਾਨੇ ਓ

ਜੀਹਦੇ ਸਾਹਵੇਂ ਬਹਿ ਜਾਨੇ ਓ ਸੱਜਣ ਨੂੰ
ਸ਼ੀਸ਼ੇ ਤੇ ਵੀ ਕਹਿਰ ਗਜ਼ਾਰੀ ਜਾਨੇ ਓ

ਮੈਂ ਚੇਤਿਆਂ ਵਿੱਚ ਜੋੜ ਲਿਆ ਥੋਡੇ ਚੇਹਰੇ ਨੂੰ
ਲੋਕ ਕਹਿਣ ਤੁਸੀਂ ਇਸ਼ਕ 'ਚ ਹਾਰੀ ਜਾਨੇ ਓ

ਤੁਸੀਂ ਆ ਜਾਨੇ ਓ ਰੋਜ਼ ਖੋਲ ਕੇ ਜੁਲਫਾਂ ਨੂੰ
ਤਰਸ ਨਹੀਂ ਕਰਦੇ, ਆਸ਼ਕ ਮਾਰੀ ਜਾਨੇ ਓ



## ਕਵਿਤਾਵਾਂ ਦੇ ਕਾਫ਼ਲੇ

ਇੱਕ ਇੱਕ ਕਰਕੇ ਮੈਥੋਂ ਸਾਰੇ ਵਰਕੇ ਖਿੱਲਰ ਗਏ
ਮੇਰੀਆਂ ਕਵਿਤਾਵਾਂ ਦੇ ਇਹ ਕਾਫ਼ਲੇ ਕਿੱਧਰ ਗਏ

ਸੱਚ ਡਰਿਆ ਸਹਿਮਿਆ ਨੁੱਕਰੇ ਲਗਾ ਬੈਠਾ ਸੀ
ਝੂਠ ਦੀ ਪੈਂਦੀ ਖੱਪ ਸੁਣੀ ਅਸੀਂ ਜਿਧਰ ਜਿਧਰ ਗਏ

ਹੈ ਰਾਜ ਹਨੇਰਿਆਂ ਦਾ ਇੱਥੇ ਇਸ ਕਦਰ ਚੱਲ ਰਿਹਾ
ਕਿ ਚਾਨਣੇ ਨੂੰ ਵੀ ਕੰਮੀਆਂ ਦੇ ਵੇਹੜੇ ਵਿੱਸਰ ਗਏ

ਸ਼ਾਇਦ ਮੈਨੂੰ ਹੀ ਨਹੀਂ ਹੋਣਾ ਕੋਈ ਚੱਜ ਨਿਭਾਵਣ ਦਾ
ਰਿਸ਼ਤਿਆਂ ਦੇ ਤਾਣੇ ਬਾਣੇ ਮੈਥੋਂ ਤਾਹੀਓਂ ਬਿਖਰ ਗਏ

ਬੁਰਾ ਭਲਾ ਜੋ ਕਹਿਣ ਜੇਠ ਹਾੜ੍ਹ ਦੀਆਂ ਧੁੱਪਾਂ ਨੂੰ
ਬਿਰਖ ਉਗਾਉਣ ਵੇਲੇ ਸੀ ਸਾਡੇ ਨਾਲੋਂ ਨਿੱਖੜ ਗਏ

ਥਾਂ ਥਾਂ ਤੱਕਿਆ, ਹੁੰਦਾ ਨਿਰਾਦਰ ਜਦ ਮਾਂ ਬੋਲੀ ਦਾ
ਸਿਖ਼ਰਾਂ ਤੇ ਫਿਰ ਅੱਪੜ ਯਾਰੋ ਮੇਰੇ ਫ਼ਿਕਰ ਗਏ

ਢੁੱਕ ਢੁੱਕ ਨੇੜੇ ਬਹਿੰਦੇ ਸੀ ਜੋ ਜੇਬਾਂ ਭਰੀਆਂ ਤੇ
ਔਖੇ ਵੇਲੇ ਦੱਸ ਕਿੱਥੇ ਉਹ ਤੇਰੇ ਮਿੱਤਰ ਗਏ

ਸੱਟ ਪਈ ਤੇ ਜੋ ਅੱਜ ਹਿੰਮਤ ਹਾਰੀ ਬੈਠੇ ਨੇ
ਰੱਸਿਆਂ ਨੂੰ ਚੁੰਮਣ ਵਾਲੇ ਉਹ ਕਿੱਥੇ ਜਿਗਰ ਗਏ

ਜਿਨ੍ਹਾਂ ਵਿਚ ਸੀ ਜਜ਼ਬਾ ਲੋਕੋ ਚੰਨ ਨੂੰ ਛੂਹਣ ਦਾ
ਬਣਕੇ ਉਹ ਮਿਸਾਲਾਂ ਲੋਕਾਂ ਦੇ ਵਿਚ ਵਿਚਰ ਗਏ

## ਬੱਚਿਆਂ ਨੂੰ ਦੱਸਿਓ

ਦੱਸਿਓ ਜ਼ਰੂਰ ਬੱਚਿਆਂ ਨੂੰ ਸਰਬੰਸ–ਦਾਨੀ ਦੇ ਬਾਰੇ
ਚਮਕੌਰ, ਸਰਹੰਦ, ਅਨੰਦਪੁਰ ਜਹੀ ਨਿਸ਼ਾਨੀ ਦੇ ਬਾਰੇ

ਮਨੀ ਸਿੰਘ, ਭਾਈ ਤਾਰੂ, ਨਲੂਆ, ਬੰਦਾ ਬਹਾਦਰ ਵੀ
ਸਾਹਿਬਜ਼ਾਦਿਆਂ ਦੀ ਸ਼ਹਾਦਤ ਲਾਸਾਨੀ ਦੇ ਬਾਰੇ

ਭਾਈ ਜੈਤਾ, ਭਾਈ ਘਨ੍ਹਈਆ, ਪੀਰ ਬੁੱਧੂ ਸ਼ਾਹ ਦੱਸਿਓ
ਭੁੱਲਿਓ ਨਾ ਦੱਸਣਾ ਗੰਗੂ ਦੀ ਸ਼ੈਤਾਨੀ ਦੇ ਬਾਰੇ

ਸੀਸ ਤਲੀ ਤੇ ਧਰਕੇ ਲੜ ਗਏ ਯੋਧੇ ਦਾ ਦੱਸਿਓ
ਤੇ ਮਹਾਰਾਜਾ ਰਣਜੀਤ ਸਿੰਘ ਜਹੇ ਦਾਨੀ ਦੇ ਬਾਰੇ

ਗ਼ਦਰੀ ਬਾਬੇ ਤੇ ਊਧਮ ਸਿੰਘ ਦਾ ਚੇਤਾ ਭੁੱਲਿਓ ਨਾ
ਦੱਸਿਓ ਭਗਤ, ਸਰਾਭੇ ਦੀ ਕੁਰਬਾਨੀ ਦੇ ਬਾਰੇ

ਮਾਂ ਬੋਲੀ ਦਾ ਕਰਨਾ ਤੁਸੀਂ ਸਤਿਕਾਰ ਸਿਖਾਇਓ ਜੇ
ਵਿਰਸੇ ਤੋਂ ਦੱਸਿਓ ਬੇਮੁਖ ਹੋਈ ਜਵਾਨੀ ਦੇ ਬਾਰੇ

## ਅਣਮੁੱਲਾ ਤਾਜ

ਪੜਨਾ ਸਿਖਾਉਂਦੇ ਨੇ
ਪੈਰਾਂ ਤੇ ਖੜਨਾ ਵੀ
ਰਾਹਾਂ 'ਚ ਆਉਂਦੀਆਂ
ਮੁਸ਼ਕਿਲਾਂ ਨਾਲ
ਦਸਦੇ ਨੇ ਲੜਨਾ ਵੀ
ਗਿਆਨ ਦਾ ਚਾਨਣ
ਵੰਡ ਕੇ
ਰੌਸ਼ਨ ਕਰਦੇ ਨੇ
ਓਹ ਸਾਡੇ ਰਾਹਵਾਂ ਨੂੰ
ਖੁਦ ਬਲਕੇ ਓਹ
ਦੀਵੇ ਵਾਂਗ
ਸਾਡੇ 'ਚ ਭਰ ਦੇਂਦੇ ਨੇ
ਹੌਸਲੇ
ਸੂਰਜਾਂ ਨੂੰ ਮਾਤ ਪਾਉਣ ਦੇ

ਦੂਰ ਅੰਦੇਸ਼ੀ ਨਜ਼ਰਾਂ
ਨਾਲ ਪੜ੍ਹ ਲੈਂਦੇ ਨੇ
ਬੱਚਿਆਂ ਅੰਦਰ ਲੁਕੀਆਂ
ਕਲਾ ਕ੍ਰਿਤੀਆਂ ਨੂੰ
ਤੇ ਭਰ ਦੇਂਦੇ ਨੇ
ਹਿੰਮਤਾਂ
ਸੁਪਨੇ ਸਾਕਾਰ
ਕਰਨ ਦੀਆਂ

ਰੰਗ ਰੂਪ ਨਹੀਂ ਦੇਖਦੇ
ਕਦੇ ਜਾਤ ਨਹੀਂ ਪੁੱਛਦੇ
ਕਿੱਥੋਂ ਲਿਆਉਂਦੇ ਨੇ

ਓਹ ਕਰਾਮਾਤੀ ਨਜ਼ਰਾਂ
ਤੇ ਬਣ ਜਾਂਦੇ ਨੇ
ਬਿਲਕੁਲ ਬਿਰਖਾਂ ਵਰਗੇ
ਬਿਨਾਂ ਭੇਦ ਭਾਵ ਦੇ
ਵੰਡਦੇ ਨੇ
ਸੰਘਣੀਆਂ ਛਾਵਾਂ

ਸਰਕਾਰੀ ਸਿੱਖਿਆ ਨੀਤੀਆਂ
ਵਿਚ ਕਦੋਂ ਹੁੰਦਾ ਹੈ
ਸਿਖਾ ਦੇਣਾ
ਤਰਕ ਕਰਨਾ
ਤੇ ਮਿਹਨਤਾਂ ਨਾਲ
ਆਪਣੀ ਕਿਸਮਤ ਆਪ ਉਲੀਕਣੀ
ਤੇ ਬਖਸ਼ ਦੇਣੇ ਖੰਭ
ਉੱਚੀ ਪਰਵਾਜ਼ ਵਾਸਤੇ
ਪਰ ਓਹ ਕਰ ਜਾਂਦੇ ਨੇ
ਬਿਨਾਂ ਕਿਸੇ ਸਵਾਰਥ ਦੇ
ਐਵੇਂ ਨਹੀਂ ਸਜਾਈ ਫਿਰਦੇ
ਸਿਰਾਂ ਤੇ ਅਧਿਆਪਨ ਦਾ
ਅਣਮੁੱਲਾ ਤਾਜ